# ਲਾਲਾ ਜਗਤ ਨਾਰਾਇਣ

# ਐਜੂਕੇਸ਼ਨ ਕਾਲਜ

## ਸੈਸ਼ਨ : 2023-25

# ਆਤਮਸਮਝ ਅਤੇ ਵਿੱਦਿਅਕ ਦਿਸ਼ਟੀ ਦੀ ਉਤਪੱਤੀ

ਪ੍ਰਾਪਤ ਕਰਤਾ :-

Mrs. Aarti Mam

ਜਮ੍ਹਾਂ ਕਰਤਾ :-

Name :- Manpreet Kamboj
Class :- E.T.T [2nd year]
Roll No. :- 23528 [class]
23953649 [univ.]

Notes

Date

# ਲਾਲਾ ਜਗਤ ਨਰਾਇਣ
# ਐਜੂਕੇਸ਼ਨ ਕਾਲਜ

## ਸੈਸ਼ਨ : 2023-25

## ਆਤਮਸਨਮਾਨ ਅਤੇ ਵਿੱਦਿਅਕ ਦ੍ਰਿਸ਼ਟੀ ਦੀ ਉਤਪੱਤੀ

ਪ੍ਰਾਪਤ ਕਰਤਾ
Mrs. Aarti Mam

ਜਮਾਂ ਕਰਤਾ
ManPreet Kamboj
E.E.T. 2nd Year
Roll No- 23528

Designer Sheets

# PROJECTS

1. ਮੈਂ - ਜੀਵਨੀ
2. ਡਾ. ਅਬਦੁਲ ਕਲਾਮ
3. ਮੇਰਾ ਸੁਪਨਾ
4. ਕੈਮੀਕਲਾਂ ਦੀ ਵਿਸਥਾਰ ਮਿਯੋਗਟ
5. ਸਿੱਖਿਆ ਨਾਲ ਸਬੰਧਤ ਵਾਦ-ਵਿਵਾਦ
6. ਭਾਰਤ ਵਿਚ ਵੱਖ-ਵੱਖ ਵਰਗਾਂ ਦੇ ਬੱਚੇ
7. ਰਿਫਲੈਕਟਿਵ ਜਰਨਲ
8. ਛੋਟੇ-ਛੋਟੇ ਮਸ਼ੀਨਿਆਂ ਦੇ ਫੈਲਦੇ ਰੋਗਾਣੂ ਵਿੱਚਕਾਰ
   ਉਤਪੱਤੀ ਅਤੇ ਟੀਕਿਆਂ ਦਾ ਵਿਕਾਸ
9. ਵਿੱਦਿਆਰ ਟੀਚਿੰਗ
10. ਸਿੱਖਣ ਸਰੋਤ ਸਮੱਗਰੀ ਸੰਗ੍ਰਹਿ

# ਵਿੱਖਿਅਰ

## ਸਵੈ - ਜੀਵਨੀ

# ਵਿੱਤਿਅਕ ਸਵੈ - ਜੀਵਨੀ

* **ਮੇਰੀ ਵਿੱਤਿਅਕ ਜੀਵਨੀ :-** ਮੈਂ ਆਪਣੀ ਵਿੱਤਿਅਕ ਜੀਵਨ ਦੇ ਹਰ ਕੀਮਤੀ ਸਾਲ ਸਭ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ। ਮੇਰਾ ਮਕਸਦ ਅਤੇ ਟੀਚਾ ਦਾ ਸਮਾਂ ਬਹੁਤ ਹੀ ਵਧੀਆ ਰਿਹਾ ਹੈ।

* **ਵਿੱਤਿਅਕ ਜੀਵਨ ਦੇ ਉਦੇਸ਼ :-** ਆਪ ਸਭ ਨਾਲ ਆਪਣੀ ਵਿੱਤਿਅਕ ਜੀਵਨੀ ਸਾਂਝੇ ਕਰਨ ਦੇ ਕੁਝ ਉਦੇਸ਼ ਹਨ ਜੋ ਕਿ ਹੇਠ ਲਿਖੇ ਹਨ :-

1) ਆਪਣੀ ਜ਼ਿੰਦਗੀ ਦੀਆਂ ਕੀਮਤੀ ਗੱਲਾਂ ਨੂੰ ਤਾਜ਼ਾ ਕਰਨਾ।
2) ਮਿੱਠੀਆਂ ਕੌੜੀਆਂ ਯਾਦਾਂ ਨੂੰ ਦੂਜਿਆਂ ਤੱਕ ਪਹੁੰਚਾਉਣਾ।
3) ਮਨੋਰੰਜਕ ਕਹਾਣੀ ਦੀ ਸਾਂਝ ਕਰਨਾ।
4) ਆਪਣਾ ਬਚਪਨ ਸਮਾਂ ਯਾਦ ਕਰਨਾ।
5) ਆਪਣੀ ਸਫਲਤਾ ਦੇ ਪਿੱਛੇ ਆਪਣਿਆਂ ਦਾ ਜ਼ਿਕਰ ਕਰਨਾ।

* **ਜਾਣ - ਪਛਾਣ :-** ਮੇਰਾ ਨਾਮ ਮਨਪ੍ਰੀਤ ਰੰਧੋਸ਼ ਹੈ। ਮੈਂ ਲਾਲਾ ਜਗਤ ਨਰਾਇਣ ਕਾਲਜ ਜਲਾਲਾਬਾਦ ਵਿਚ ਡੀ. ਐੱਲ. ਐੱਡ (2023-25) ਸਾਲ ਦੂਜਾ ਦੀ ਵਿਦਿਆਰਥਣ ਹਾਂ। ਮੈਂ ਪਿੰਡ ਚੱਕ ਡੱਬ ਵਾਲੇ ਦੀ ਵਸਨੀਕ ਹਾਂ। ਮੇਰੀ ਉਮਰ 25 ਸਾਲ ਹੈ। ਮੈਂ ਆਪਣੀ ਡਿਗਰੀ ਕਰਨ ਤੋਂ ਬਾਅਦ ਵਿਚ ਡੀ. ਐੱਲ. ਐੱਡ ਕਰ ਰਹੀ ਹਾਂ।



* **ਮਾਤਾ - ਪਿਤਾ :-** ਮੇਰੇ ਪਿਤਾ ਜੀ ਦਾ ਨਾਮ ਸ਼੍ਰੀ ਰਮੇਸ਼ ਲਾਲ ਹੈ। ਉਹ ਖੇਤੀਬਾੜੀ ਕਰਦੇ ਹਨ। ਮੇਰਾ ਮਾਤਾ ਜੀ ਦਾ ਨਾਮ ਸ਼੍ਰੀਮਤੀ ਆਸ਼ਾ ਰਾਣੀ ਹੈ ਅਤੇ ਉਹ ਘਰ ਦੇ ਕੰਮ ਕਰਦੇ ਹਨ।





**ਭੈਣ - ਭਰਾ :-** ਮੇਰੀ ਭੈਣ ਦਾ ਨਾਮ ਕੋਮਲ ਰੰਧੋਸ਼ ਹੈ ਜੋ ਮੇਰੇ ਤੋਂ ਛੋਟੀ ਹੈ ਅਤੇ ਬੀ.ਏ ਦੇ ਤੀਜੇ ਸਾਲ ਦੀ ਵਿਦਿਆਰਥਣ ਹੈ। ਮੇਰੇ ਭਰਾ ਦਾ ਨਾਮ ਹਰਪਾਲ ਹੈ ਜੋ ਛੇਵੀਂ ਜਮਾਤ ਚ ਪੜ੍ਹਦਾ ਹੈ।





* **ਖੁਦ ਬਾਰੇ ਜਾਣਕਾਰੀ :-** ਮੈਂ ਆਪਣੀ ਪੰਜਵੀਂ ਜਮਾਤ ਤੱਕ ਦੀ ਪੜ੍ਹਾਈ ਟੈਗੋਰ ਮਾਡਰਨ ਪਬਲਿਕ ਸੀ. ਸੈਂ. ਸਕੂਲ ਅਬੋਹਰ ਤੋਂ ਕੀਤੀ ਹੈ ਅਤੇ ਛੇਵੀਂ ਤੋਂ ਬਾਰਵੀਂ ਜਮਾਤ ਦੀ ਪੜ੍ਹਾਈ ਸਰਕਾਰੀ ਸੀ. ਸੈਂ. ਸਕੂਲ ਕੱਲਰ ਖੇੜਾ ਵਾਲੇ ਤੋਂ ਕੀਤੀ ਹੈ। ਬਾਰਵੀਂ ਤੋਂ ਬਾਅਦ ਦੀ ਡਿਗਰੀ ਜੋ ਮੈਂ ਪਹਿਲਾਂ ਅਤੇ ਦੂਜਾ ਸਾਲ BCA ਐਮ. ਆਰ. ਕਾਲਜ ਫਾਜ਼ਿਲਕਾ ਤੋਂ ਕੀਤੇ ਅਤੇ ਤੀਜਾ ਸਾਲ ਡੀ. ਏ. ਵੀ. ਕਾਲਜ ਜਲਾਲਾਬਾਦ ਤੋਂ ਕੀਤਾ।

# ਪਹਿਲੀ ਜਮਾਤ

- **ਸਕੂਲ ਦਾ ਨਾਂ :-** ਟੈਗੋਰ ਮਾਡਰਨ ਪਬਲਿਕ ਸੀ. ਸੈਂ. ਸਕੂਲ, ਅਬੋਹਰ।
- **ਉਮਰ :-** ਪਹਿਲੀ ਜਮਾਤ ਵਿਚ ਮੇਰੀ ਉਮਰ ਸੱਤ ਕੁ ਸਾਲ ਸੀ।
- **ਜਮਾਤ ਵਿਚ ਪਹਿਲਾ ਦਿਨ :-** ਪਹਿਲੀ ਜਮਾਤ ਵਿਚ ਮੇਰਾ ਪਹਿਲਾ ਦਿਨ ਬਹੁਤ ਵਧੀਆ ਸੀ। ਇੱਥੇ ਆ ਕੇ ਮੈਡਮ ਦਾ ਪਿਆਰ ਅਤੇ ਨਵੇਂ-2 ਦੋਸਤ ਮਿਲ ਗਏ।
- **ਅਧਿਆਪਕ :-** ਪਹਿਲੀ ਜਮਾਤ ਵਿਚ ਮੇਰੀ ਮੈਡਮ ਦਾ ਨਾਮ ਸੁਮਨ ਸੀ। ਮੈਡਮ ਦਾ ਸੁਭਾਅ ਬਹੁਤ ਵਧੀਆ ਸੀ। ਮੈਡਮ ਸਾਰੇ ਬੱਚਿਆਂ ਨੂੰ ਬਹੁਤ ਪਿਆਰ ਨਾਲ ਪੜ੍ਹਾਉਂਦੀ ਸੀ। ਮੈਡਮ ਦਾ ਮੇਰੇ ਨਾਲ ਬਹੁਤ ਪਿਆਰ ਸੀ।

॥ਫੈਲੇ ਵਿੱਦਿਆ ਚਾਨਣ ਹੋਇ॥

email:
gsschakbanwalafzk@gmail.com

# ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਚੱਕ ਬੰਨਵਾਲਾ

ਤਹਿ. ਅਤੇ ਜਿਲ੍ਹਾ ਫਾਜਿਲਕਾ

ਵੱਲੋਂ :
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸਕੈਂਡਰੀ ਸਕੂਲ,
ਚੱਕ ਬੰਨਵਾਲਾ (ਫਾਜਿਲਕਾ)

ਵੱਲ
ਜਿਸ ਨਾਲ ਸਬੰਧਿਤ ਹੋਵੇ

ਨੰ: Spl/01/21

ਵਿਸ਼ਾ :

ਮਿਤੀ 11-01-2021

ਸਹੀ ਕੀਤਾ ਜਾਂਦਾ ਹੈ ਕਿ ਮਨਪ੍ਰੀਤ ਕੌਰ D/o ਸ੍ਰੀ ਹਰਬੰਸ ਲਾਲ M/o- ਸ੍ਰੀਮਤੀ ਆਸ਼ਾ ਰਾਣੀ ਨਿਵਾਸੀ ਚੱਕ ਬੰਨ ਵਾਲਾ ਦੀ ਜਨਮ-ਮਿਤੀ 15-02-2000 (ਪੰਦਰਾਂ ਫਰਵਰੀ ਦੋ ਹਜਾਰ) ਹੈ। ਦਾਖਲਾ ਮਿਤੀ 04/04/2011 ਅਤੇ ਦਾਖਲਾ ਨੰ: 2459 ਹੈ। ਇਸ ਵਿਦਿਆਰਥੀ ਨੇ ਸਾਲ 2013-14 ਵਿੱਚ ਇਸ ਸਕੂਲ ਵਿੱਚ ਅੱਠਵੀਂ ਜਮਾਤ ਪਾਸ ਕੀਤੀ। ਅਤੇ 716.56/900 ਅੰਕ ਪ੍ਰਾਪਤ ਕੀਤੇ। ਇਹ ਵਿਦਿਆਰਥੀ ਕੰਬੋਜ ਜਾਤ ਨਾਲ ਸੰਬੰਧ ਰੱਖਦਾ ਹੈ। ਸਕੂਲ ਦੇ ਦਾਖਲਾ-ਖਾਰਜ ਰਜਿਸਟਰ ਅਨੁਸਾਰ ਇਹ ਵੇਰਵਾ ਸਹੀ ਹੈ।

ਤ/ ਮਿਸਲ ਵਿਭਾਗ
ਸਰੀਤਾ ਰਾਣੀ

ਪ੍ਰਿੰਸੀਪਲ
ਸ. ਸ. ਸ. ਸ. ਚੱਕ ਬੰਨ ਵਾਲਾ (ਫਾਜਿਲਕਾ)

## ਅੱਠਵੀਂ ਜਮਾਤ ਦਾ ਨਤੀਜ

**ਮੇਰਾ ਪਹਿਲੀ ਜਮਾਤ ਦਾ ਨਤੀਜਾ :-** ਮੇਰੀ ਪਹਿਲੀ ਜਮਾਤ ਦਾ ਨਤੀਜਾ ਬਹੁਤ ਵਧੀਆ ਸੀ। ਉਸ ਸਮੇਂ ਮੇਰੀ ਪਹਿਲੀ ਪੁਜੀਸ਼ਨ ਆਈ ਸੀ। ਉਸ ਸਮੇਂ ਮੈਨੂੰ ਮੇਰੇ ਮੈਡਮ ਵੱਲੋਂ ਪਰਾਈਜ਼ ਅਤੇ ਮਾਤਾ-ਪਿਤਾ ਵੱਲੋਂ ਸ਼ਾਬਾਸ਼ ਮਿਲੀ ਸੀ,

**ਮੇਰਾ ਪਹਿਲੀ ਜਮਾਤ ਦਾ ਤਜਰਬਾ :-** ਮੇਰਾ ਪਹਿਲੀ ਜਮਾਤ ਦਾ ਤਜਰਬਾ ਬਹੁਤ ਵਧੀਆ ਰਿਹਾ ਸੀ। ਮੈਡਮ ਅਤੇ ਦੋਸਤਾਂ ਦਾ ਪਿਆਰ ਅਤੇ ਬਹੁਤ ਕੁਝ ਸਿੱਖਣ ਨੂੰ ਮਿਲਿਆ ਸੀ।

## ਅੱਠਵੀਂ - ਜਮਾਤ

**ਸਕੂਲ ਦਾ ਨਾਂ :-** ਸਰਕਾਰੀ ਹਾਈ ਸਕੂਲ, ਹੱਰ ਚੰਨ ਵਾਲਾ,

**ਉਮਰ :-** ਅੱਠਵੀਂ ਜਮਾਤ ਵਿਚ ਮੇਰੀ ਉਮਰ 15 ਸਾਲ ਸੀ।

**ਅਧਿਆਪਕ :-** ਅੱਠਵੀਂ ਜਮਾਤ ਵਿਚ ਸਾਡੇ ਕਲਾਸ ਇੰਚਾਰਜ ਰੀਟਾ ਮੈਡਮ ਸਨ। ਉਹ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਮੈਡਮ ਬਹੁਤ ਹੀ ਸ਼ਾਂਤ ਸੁਭਾਅ ਦੇ ਸਨ।

**ਸਕੂਲੀ ਸਮਾਂ :-** ਅੱਠਵੀਂ ਜਮਾਤ ਦਾ ਮੇਰਾ ਸਕੂਲੀ ਸਮਾਂ ਬਹੁਤ ਹੀ ਵਧੀਆ ਸੀ, ਇੱਥੇ ਆ ਕੇ ਮੇਰੇ ਦੋਸਤ ਹੋਰ ਵੱਧ ਗਏ।

E-14

Sr. No. TT15U020

184154

# ਪੰਜਾਬ ਸਕੂਲ ਸਿੱਖਿਆ ਬੋਰਡ
# PUNJAB SCHOOL EDUCATION BOARD

MATRICULATION EXAMINATION CERTIFICATE WITH MARKS SHEET



Certified that : ਮਨਪ੍ਰੀਤ ਕੰਬੋਜ / MANPREET KAMBOJ

Roll No : 1016591532

Regn. No. : B5/14/10030567020

Father's Name : ਹਰਬੰਸ ਲਾਲ / HARBANS LAL

Mother's Name : ਆਸ਼ਾ ਰਾਣੀ / ASHA RANI

Date of birth : 15/02/2000 (FIFTEENTH FEBRUARY TWO THOUSAND)

School / District : GOVT. HIGH SCHOOL,CHAK BANWALA (FAZILKA)

appeared in Matriculation Examination held in ਮਾਰਚ 2016 / MARCH 2016 and has been declared qualified with subject-wise marks mentioned below:

| Sr. No. | Subjects | Theory Marks Obtained | Theory Total Marks | CCE Marks Obtained | CCE Total Marks | Practical Marks Obtained | Practical Total Marks | Total Marks Obtained | Total Marks | Grade |
|---|---|---|---|---|---|---|---|---|---|---|
| 1. | PUNJABI | 88 | 100 | 49 | 050 | -- | -- | 137 | 150 | A+ |
| 2. | ਅੰਗਰੇਜ਼ੀ / ENGLISH | 44 | 070 | 28 | 030 | -- | -- | 72 | 100 | B |
| 3. | HINDI | 56 | 070 | 28 | 030 | -- | -- | 84 | 100 | A |
| 4. | ਗਣਿਤ / MATHEMATICS | 48 | 050 | 27 | 030 | 15 | 020 | 90 | 100 | A+ |
| 5. | ਵਿਗਿਆਨ / SCIENCE | 23 | 050 | 20 | 030 | 19 | 020 | 62 | 100 | B |
| 6. | ਸਮਾਜਿਕ ਸਿੱਖਿਆ / SOCIAL STUDIES | 36 | 070 | 23 | 030 | -- | -- | 59 | 100 | C |
| | ਕੁੱਲ ਜੋੜ / Grand Total | | | | | | | 504 | 650 | A |
| 7. | ਸਿਹਤ ਅਤੇ ਸਰੀਰਕ ਸਿੱਖਿਆ / Health And Physical Education | | | | | | | | | A |
| 8. | ਕੰਪਿਊਟਰ ਸਾਇੰਸ / Computer Science | | | | | | | | | A+ |
| 9. | AGRICULTURE | | | | | | | | | A |

ਸਾਹਿਬਜ਼ਾਦਾ ਅਜੀਤ ਸਿੰਘ ਨਗਰ / SAHIBZADA AJIT SINGH NAGAR

DATE : MAY 24, 2016

J.R. Mehrok

SECRETARY

ਦਸਵੀਂ ਜਮਾਤ ਦਾ ਨਤੀਜਾ

**ਗਤੀਵਿਧੀਆਂ :-** ਅੱਠਵੀਂ ਜਮਾਤ ਵਿਚ ਮੇਰਾ ਗਤੀਵਿਧੀਆਂ ਚ ਹਿੱਸਾ ਲੈਣਾ ਹੋਰ ਵੱਧ ਗਿਆ। ਇੱਥੇ ਆ ਕੇ ਮੈਂ Games ਚ ਵੀ Participate ਕੀਤਾ।

**ਨਤੀਜਾ :-** ਅੱਠਵੀਂ ਜਮਾਤ ਦਾ ਨਤੀਜਾ ਬਹੁਤ ਵਧੀਆ ਰਿਹਾ ਤੇ ਬਹੁਤ ਚੰਗੇ ਨੰਬਰਾਂ ਨਾਲ ਪਾਸ ਹੋਈ।

# ਦਸਵੀਂ ਜਮਾਤ

- **ਸਕੂਲ ਦਾ ਨਾਂ :-** ਸਰਕਾਰੀ ਹਾਈ ਸਕੂਲ, ਘੱਰ ਖੀਨ ਵਾਲਾ ਸੀ।
- **ਉਮਰ :-** ਦਸਵੀਂ ਜਮਾਤ ਵਿਚ ਮੇਰੀ ਉਮਰ 17 ਸਾਲ ਸੀ। ਦਸਵੀਂ ਜਮਾਤ ਬਹੁਤ ਹੀ ਸੀ। ਇਸ ਲਈ ਇੱਥੇ ਮਾਨਸਿਕ ਤੌਰ ਤੇ ਮਜ਼ਬੂਤ ਹੋਣਾ ਸੀ।
- **ਅਧਿਆਪਕ :-** ਦਸਵੀਂ ਜਮਾਤ ਵਿਚ ਸਾਡੇ ਜਮਾਤ ਦੇ ਇੰਚਾਰਜ ਸੁਖਬੀਰ ਮੈਡਮ ਸੀ ਜੋ ਸਾਨੂੰ ਪੰਜਾਬੀ ਅਤੇ ਸਰੀਰਕ ਸਿੱਖਿਆ ਪੜ੍ਹਾਉਂਦੇ ਸਨ।
- **ਸਕੂਲੀ ਸਮਾਂ :-** ਦਸਵੀਂ ਜਮਾਤ ਦੇ ਸਕੂਲੀ ਸਮੇਂ ਵਿਚ ਪੜ੍ਹਾਈ ਤੇ ਜ਼ਿਆਦਾ ਧਿਆਨ ਸੀ। ਇਸ ਸਾਲ ਵਿਚ ਪੜ੍ਹਾਈ ਚ ਜ਼ਿਆਦਾ ਸਮਾਂ ਗੁਜ਼ਾਰਿਆ ਸੀ।

SET S-10

Serial No. / ਲੜੀ ਨੰ. 18 029583

# PUNJAB SCHOOL EDUCATION BOARD
# ਪੰਜਾਬ ਸਕੂਲ ਸਿੱਖਿਆ ਬੋਰਡ

Senior Secondary (Class XII) Examination Certificate cum Detailed Marks Sheet

MARCH ,2018



Category / ਸ਼੍ਰੇਣੀ REGULAR

Roll No. / ਰੋਲ ਨੰ. 2018214138

Group / ਗਰੁੱਪ HUMANITIES

Regn. No. / ਰਜਿ. ਨੰ. BS/14/10030567020

Name / ਨਾਂ MANPREET KAMBOJ / ਮਨਪ੍ਰੀਤ ਕੰਬੋਜ

Father's Name / ਪਿਤਾ ਦਾ ਨਾਂ HARBANS LAL / ਹਰਬੰਸ ਲਾਲ

Mother's Name / ਮਾਤਾ ਦਾ ਨਾਂ ASHA RANI / ਆਸ਼ਾ ਰਾਣੀ

School / District / ਸਕੂਲ / ਜ਼ਿਲ੍ਹਾ GOVT. SENIOR SECONDARY SCHOOL CHAK BANWALA (FAZILKA)

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਬੰਨਵਾਲਾ (ਫਾਜ਼ਿਲਕਾ)

| Sr. No. | Subjects | THEORY | | CCE | | Practical | | Total Marks Obtained | Total Marks | Grade |
|---|---|---|---|---|---|---|---|---|---|---|
| | | Marks Obtained | Total Marks | Marks Obtained | Total Marks | Marks Obtained | Total Marks | | | |
| 1 | GENERAL ENGLISH | 038 | 065 | 008 | 010 | XXX | XXX | 046 | 075 | B |
| 2 | GENERAL PUNJABI | 055 | 065 | 009 | 010 | XXX | XXX | 064 | 075 | A |
| 3 | MATHEMATICS | 060 | 090 | 006 | 010 | XXX | XXX | 066 | 100 | B |
| 4 | ECONOMICS | 080 | 090 | 007 | 010 | XXX | XXX | 087 | 100 | A |
| 5 | PHYSICAL EDUCATION & SPORTS | 020 | 040 | 008 | 010 | 032 | 050 | 060 | 100 | B |
| 6 | * ENVIRONMENTAL EDUCATION | 035 | 045 | 005 | 005 | XXX | XXX | 040 | 050 | A |
| 7 | * COMPUTER SCIENCE | 025 | 050 | 009 | 010 | 040 | 040 | 074 | 100 | B |
| 8 | XXXXXXXXXXXXXX | XXX | XXX | XXX | XXX | XXX | XXX | XXX | XXX | XX |
| 9 | XXXXXXXXXXXXXX | XXX | XXX | XXX | XXX | XXX | XXX | XXX | XXX | XX |
| 10 | XXXXXXXXXXXXXX | XXX | XXX | XXX | XXX | XXX | XXX | XXX | XXX | XX |
| 11 | XXXXXXXXXXXXXX | XXX | XXX | XXX | XXX | XXX | XXX | XXX | XXX | XX |
| Result | PASS | Grand Total | | | | | | 323 | 450 | B |

Note : Marks obtained in subjects (with * Mark) are grading subjects and have not been added in Grand Total.
& implies for Additional Subject and has not been added in grand total.

SAHIBZADA AJIT SINGH NAGAR

DATE : 07-05-2018

SECRETARY

ਬਾਰਵੀਂ ਜਮਾਤ ਦਾ ਨਤੀਜਾ

**ਬੋਰਡ ਪ੍ਰੀਖਿਆ ਦੀ ਤਿਆਰੀ :-** ਦਸਵੀਂ ਜਮਾਤ ਬੋਰਡ ਦੀ ਹੋਣ ਕਰਕੇ ਅਸੀਂ ਸਕੂਲ ਵਿਚ ਹੀ ਪੇਪਰਾਂ ਦੀ ਤਿਆਰੀ ਕਰ ਲੈਂਦੇ ਸੀ।

**Farewell ਪਾਰਟੀ :-** ਦਸਵੀਂ ਜਮਾਤ ਵਿੱਚ ਨੌਵੀਂ ਜਮਾਤ ਦੇ ਬੱਚਿਆਂ ਵੱਲੋਂ ਸਾਨੂੰ Farewell Party ਦਿੱਤੀ ਗਈ।

**ਨਤੀਜਾ :-** ਦਸਵੀਂ ਜਮਾਤ ਬੋਰਡ ਦੀ ਸੀ। ਇਸਦੇ ਪੇਪਰ ਬਾਹਰ ਦੂਰ ਹੋਏ ਸਨ। ਇੱਥੇ ਮੇਰੇ 650 ਵਿੱਚੋਂ 504 ਨੰਬਰ ਅਤੇ 78% ਬਣੇ ਸਨ।

## ਬਾਰਵੀਂ ਜਮਾਤ

**ਸਕੂਲ ਦਾ ਨਾਂ :-** ਸਰਕਾਰੀ ਸੈਂ. ਸੈ. ਸਕੂਲ, ਛੱਰ ਬੀਨ ਵਾਲਾ ਸੀ।

**ਉਮਰ :-** ਬਾਰਵੀਂ ਜਮਾਤ ਵਿਚ ਮੇਰੀ ਉਮਰ 18-19 ਸਾਲ ਸੀ।

**ਵਿਸ਼ੇ :-** Punjabi, English, Physical, Math, Economics. ਵਿਚ Subject ਸੀ ਅਤੇ ਮੇਰੀ Stream Inter Arts ਸੀ।

**ਅਧਿਆਪਕ :-** ਬਾਰਵੀਂ ਜਮਾਤ ਵਿਚ ਸਾਡੇ ਇੰਚਾਰਜ ਸੁਖਜੀਤ ਮੈਡਮ ਸੀ, ਜੋ ਕਿ ਪੰਜਾਬੀ ਦੇ ਲੈਕਚਰਾਰ ਸਨ। ਉਹ ਪੰਜਾਬੀ ਬਹੁਤ ਵਧੀਆ ਪੜ੍ਹਾਉਂਦੇ ਸਨ।

- **ਬੋਰਡ ਪ੍ਰੀਖਿਆ ਦੀ ਤਿਆਰੀ :-** ਬਾਰਵੀਂ ਜਮਾਤ ਵਿਚ ਬੋਰਡ ਪ੍ਰੀਖਿਆ ਦੀ ਤਿਆਰੀ ਜਲਦੀ ਹੀ ਸ਼ੁਰੂ ਕਰ ਦਿੱਤੀ ਸੀ। ਸਕੂਲ ਵਿਚ ਹੀ ਅਸੀਂ ਤਿਆਰੀ ਕਰ ਲੈਂਦੇ ਸੀ।

- **ਨਤੀਜਾ :-** ਬਾਰਵੀਂ ਜਮਾਤ ਦਾ ਮੇਰਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਸੀ। ਮੈਂ ਆਪਣੀ ~~ਬਾਰਵੀਂ~~ ਬਾਰਵੀਂ 2018 ਵਿਚ ਪਾਸ ਕੀਤੀ ਸੀ, ਇੱਥੇ ਮੇਰੇ 450 ਤੋਂ 323 ਨੰਬਰ ਅਤੇ 72% ਬਣੇ ਸੀ।

## ਸਕੂਲ ਦਾ ਮੇਰਾ ਤਜਰਬਾ

→ ਇਸ ਤਰ੍ਹਾਂ ਇਹ ਉੱਪਰ ਸੀ ਮੇਰਾ ਹੁਣ ਤੱਕ ਸਕੂਲੀ ਸਫਰ। ਮੇਰਾ ਸਕੂਲੀ ਸਫਰ ਬਹੁਤ ਹੀ ਵਧੀਆ ਸੀ। ਪੜ੍ਹਾਈ ਦੇ ਨਾਲ-ਨਾਲ ਇਥੋਂ ਮੈਨੂੰ ਹੋਰ ਵੀ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਅਧਿਆਪਕਾਂ ਦਾ ਪਿਆਰ, ਦੋਸਤਾਂ ਦਾ ਸਾਥ ਆਦਿ,

BCA3-1271 0725235

Roll No.: 18048987
Regd. No.: 11418060865

# Panjab University

## RESULT-CUM-DETAILED MARKS CERTIFICATE

**Bachelor of Computer Applications 6th Semester**
**Examination, June, 2021**

Name: MANPREET KAMBOJ
Father's Name: Shri HARBANS LAL
Mother's Name: Smt. ASHA RANI

**Details of Marks**

| Sr. No. | Subject Name(Code) | Th. A | Th. B | Th. C | Th. Tot | Pr. A | Pr. B | Pr. Tot | In. A | In. B | Sub. Tot. | Min. Pass Mar. Th. | Min. Pass Mar. Pr. | Min. Pass Mar. In. | Min. Pass Mar. Sub. | Max. Mar. Th | Max. Mar. Pr. | Max. Mar. In. | Max. Mar. Sub. |
|---|---|---|---|---|---|---|---|---|---|---|---|---|---|---|---|---|---|---|---|
| 1. | E-Commerce [BCA-601] | 61 | x | x | 61 | x | x | x | 10 | x | 71 | 23 | x | 2 | 26 | 65 | x | 10 | 75 |
| 2. | Application Development using VB.Net [BCA-602] | 60 | x | x | 60 | x | x | x | 10 | x | 70 | 23 | x | 2 | 26 | 65 | x | 10 | 75 |
| 3. | Computer Graphics and Multimedia Applications [BCA-603] | 56 | x | x | 56 | x | x | x | 10 | x | 66 | 23 | x | 2 | 26 | 65 | x | 10 | 75 |
| 4. | Lab based on BCA-16-603 [BCA604] | x | x | x | x | 49 | x | 49 | x | x | 49 | x | 18 | x | 18 | x | 50 | x | 50 |
| 5. | Major Project and Seminar [BCA605] | x | x | x | x | 113 | x | 113 | x | 10 | 123 | x | 40 | 2 | 44 | x | 115 | 10 | 125 |

| | Obtained | Maximum |
|---|---|---|
| Total Marks (if passed) | 379 | 400 |
| Marks obtained in Semester I to V | 1340 | 1950 |
| Grand Total | 1719 | 2350 |

Abbreviations Used: Th=Theory, Pr=Practical, In=Internal Assess., Sub=Subject, Tot=Total, Min=Minimum, Max=Maximum, Mar=Marks, **/***=Not Applicable

**RESULT:**

Pass, 2 (1) Total Marks obtained in words (One Thousand Seven Hundred and Nineteen only)

CHANDIGARH

January 03, 2022

Controller of Examinations

ਡਿਗਰੀ (BCA) ਦਾ ਨਤੀਜਾ

# ਕਾਲਜ ਦੀ ਪੜ੍ਹਾਈ

ਬਾਰ੍ਹਵੀਂ ਜਮਾਤ ਦੀ ਪੜ੍ਹਾਈ 2018 ਚ ਖ਼ਤਮ ਕਰਨ ਤੋਂ ਬਾਅਦ ਮੈਂ BCA ਚ Addmission ਕਰਵਾਈ, ਜੋ ਕਿ ਮੈਂ M.R. ਕਾਲਜ ਫਾਜ਼ਿਲਕਾ ਚ. M.R. ਕਾਲਜ ਵਿਚ ਮੈਂ BCA ਦੇ ਪਹਿਲਾ ਅਤੇ ਦੂਜਾ ਸਾਲ ਪਾਸ ਕੀਤਾ, ਫਿਰ ਮੈਂ BCA ਦੇ ਤੀਜੇ ਸਾਲ ਚ. DVA ਕਾਲਜ ਜਲਾਲਾਬਾਦ ਵਿਚ Addmission ਕਰਵਾਈ ਅਤੇ ਮੈਂ ਆਪਣੀ ਡਿਗਰੀ ਪੂਰੀ ਕੀਤੀ, ਡਿਗਰੀ ਦੇ ਦੌਰਾਨ ਬਹੁਤ ਕੁਝ ਸਿੱਖਣ ਨੂੰ ਮਿਲਿਆ। ਸਕੂਲ ਤੋਂ ਬਾਅਦ ਕਾਲਜ ਵਿਚ ਬਹੁਤ ਦੋਸਤ ਮਿਲੇ ਅਤੇ ਅਧਿਆਪਕ ਵੀ ਇੱਕ ਚੰਗੇ ਦੋਸਤ ਬਣੇ।

ਕਾਲਜ ਦੀ ਪੜ੍ਹਾਈ ਸਕੂਲ ਦੀ ਪੜ੍ਹਾਈ ਹਮੇਸ਼ਾ ਯਾਦਗਾਰ ਰਹੇਗੀ, ਕਿਉਂਕਿ ਸਕੂਲ ਦੀ ਪੜ੍ਹਾਈ ਦੌਰਾਨ ਸਾਡੇ ਵਿਚ ਬਚਪਨ ਹੁੰਦਾ ਹੈ ਪਰ ਕਾਲਜ ਵਿਚ ਪਹੁੰਚਣ ਤੋਂ ਬਾਅਦ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

• **ਨਤੀਜਾ :-** 2021 ਵਿਚ ਡਿਗਰੀ ਪੂਰੀ ਹੋਣ ਤੋਂ ਬਾਅਦ ਮੇਰਾ ਨਤੀਜਾ ਬਹੁਤ ਵਧੀਆ ਰਿਹਾ। ਮੈਂ 2350 ਚੋਂ 1719 ਨੰਬਰ ਅਤੇ 73% ਬਣੇ ਸਨ।

# ਈ.ਟੀ.ਟੀ. ਪਹਿਲਾ ਸਾਲ

**ਕਾਲਜ ਦਾ ਨਾਂ :-** ਲਾਲਾ ਜਗਤ ਨਰਾਇਣ ਕਾਲਜ ਜਲਾਲਾਬਾਦ,

ਆਪਣੀ ਬਾਰਵੀਂ ਪੂਰੀ ਕਰਨ ਤੋਂ ਬਾਅਦ ਮੈਂ ਈ.ਟੀ.ਟੀ ਵਿਚ ਦਾਖਲਾ ਲਿਆ। ਮੈਨੂੰ ਸ਼ੁਰੂ ਤੋਂ ਹੀ ਸੀ ਅਧਿਆਪਕ ਬਣਨ ਦਾ ਸ਼ੌਕ ਇਸੇ ਨੂੰ ਮੁੱਖ ਰੱਖਦੇ ਹੋਏ ਮੈਂ ਆਪਣੇ ਜ਼ਿਲ੍ਹੇ ਦੇ ਮਸ਼ਹੂਰ ਅਤੇ ਸ਼ਾਨਦਾਰ ਪ੍ਰਾਈਵੇਟ ਕਾਲਜ Lala jagat Narayan Education collage jalalabad ਵਿਚ Session 2023-25 ਵਿਚ ਦਾਖਲਾ ਲਿਆ।

ਇੱਥੇ ਇੱਕ ਚੰਗਾ ਅਧਿਆਪਕ ਹੀ ਬਣਨ ਦੀ Training ਦਿੱਤੀ ਜਾਂਦੀ ਹੈ।

ਇੱਥੇ ਮੇਰਾ ਦੋ ਸਾਲਾਂ ਦਾ ਕੋਰਸ ਹੈ। ਜਿਸ ਵਿਚ ਮੇਰੇ ਪਹਿਲੇ ਸਾਲ ਦੇ ਪੇਪਰ ਹੋ ਚੁੱਕੇ ਹਨ ਜਿਸ ਵਿਚ ਮੇਰੇ 954 ਅੰਕ ਆਏ ਹਨ।

ਇਸ ਕਾਲਜ ਵਿਚ ਮੇਰਾ ਹੁਣ ਤੱਕ ਦਾ ਸਫਰ ਬਹੁਤ ਵਧੀਆ ਰਿਹਾ। ਇੱਥੇ ਦੇ ਸਾਰੇ Teacher Well Educated ਤੇ ਵਧੀਆ ਹਨ।

ਈ.ਟੀ.ਟੀ ਦੇ ਪਹਿਲੇ ਸਾਲ ਸਾਰੇ ਅਧਿਆਪਕਾਂ ਦੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਬੱਚਿਆਂ ਨੂੰ ਪੜ੍ਹਾਇਆ ਅਤੇ ਇੱਕ ਚੰਗਾ ਅਧਿਆਪਕ ਬਣਨ ਲਈ ਪ੍ਰੇਰਿਤ ਕੀਤਾ।




↳ Farewell Party → (2022-24 Session ਦਿੱਤੀ ਗਈ 2023-25 ਵੱਲੋਂ)

ਬੀ.ਐੱਡ. ਦੇ ਪਹਿਲੇ ਸਾਲ ਵਿਚ ਸਾਡੀ 20 ਦਿਨਾਂ ਦੀ Training ਲੱਗੀ, ਜਿਸ ਵਿਚ ਸਾਨੂੰ 20 ਦਿਨਾਂ ਬੱਚਿਆਂ ਨੂੰ ਪੜ੍ਹਾਉਣ ਦਾ ਮੌਕਾ ਮਿਲਿਆ, ਜੋ ਕਿ ਬਹੁਤ ਹੀ ਵਧੀਆ ਸੀ ਤੇ ਇਸ TP ਦੇ ਦੌਰਾਨ ਸਾਨੂੰ ਬੱਚਿਆਂ ਅਤੇ ਅਧਿਆਪਕਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ਅਤੇ ਆਪਣੇ ਸਕੂਲੀ ਸਮਾਂ ਨੂੰ ਇਕ ਵਾਰ ਫਿਰ ਜਿਉਣ ਦਾ ਮੌਕਾ ਮਿਲਿਆ।

• **ਗਤੀਵਿਧੀਆਂ :-** ਪੜ੍ਹਾਈ ਦੇ ਨਾਲ-ਨਾਲ ਕਾਲਜ ਵਿਚ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਵੇਂ:- ਲੋਹੜੀ, ਦਿਵਾਲੀ, ਹੋਲੀ ਆਦਿ ਤਿਉਹਾਰ ਆਯੋਜਿਤ ਕੀਤੇ ਜਾਂਦੇ ਹਨ, ਅਤੇ ਕਈ ਤਰ੍ਹਾਂ ਦੇ competition

ਜਿਵੇਂ :
1) Speech Competition
2) Poem Speaking
3) Poem writing
4) Slogan writing
5) Poster making etc.


• **Farewell Party :-** ਪਹਿਲੇ ਸਾਲ ਵਿਚ ਸਾਡੀ ਵੀ ਹੋਈ ਸੀ ਜੋ Farewell Party ਨੂੰ ਦਿੱਤੀ ਗਈ, ਜੋ ਸਾਡੇ ਦੂਸਰਾ ਵਿਚ (Session 2023-24) ਇਕ ਯਾਦਗਾਰ Farewell Party ਸਾਡੇ ਲਈ ਬਣ ਗਈ, ਕਿਉਂਕਿ ਇਸ ਪਾਰਟੀ ਚ ਸਾਡੇ Senior ਸਾਡੇ ਤੋਂ ਅਲੱਗ ਹੋਏ ਅਤੇ ਇਕ ਨਵਾਂ ਅਧਿਆਇ ਬਣਨ ਦੇ ਰਾਹ ਪੈ ਗਏ।







↳ 117 ਵਿ...
TP ਰੈਗੂ...
ਸਿੱਖਿਆ ...



↳ TP ਰੰਗੋਲ...
ਗਤੀਵਿਧੀਆਂ

# ਈ.ਟੀ.ਟੀ ਦੂਜਾ ਸਾਲ

ਈ.ਟੀ.ਟੀ ਦੂਜਾ ਸਾਲ ਵੀ ਬਹੁਤ ਵਧੀਆ ਗਿਆ, ~~ਜਿਵੇਂ~~ ਕਾਲਜ ਦੇ ਪੂਰੇ ਸਟਾਫ਼ ਨੇ ਬਹੁਤ ਮਿਹਨਤ ਕਰਵਾਈ।

ਈ.ਟੀ.ਟੀ ਦੇ ~~ਦੂਜਾ~~ ਦੂਜਾ ਸਾਲ ਪਹਿਲੇ ਸਾਲ ਨਾਲੋਂ ਅਲੱਗ ਸੀ। ਕਿਉਂਕਿ ਇਸ ਸਾਲ ਵਿਚ ਸਾਡੀ TP Maximum 6 Months ਦੀ ਸੀ ਜਿਸ ਕਰਕੇ ਇਸ ਸਾਲ ਵਿਚ ਸਾਨੂੰ ਅਧਿਆਪਕਾਂ ਨਾਲ ਥੋੜ੍ਹਾ ਸਮਾਂ ਬਤੀਤ ਕਰਨਾ ਪਾਇਆ।

ਦੂਜੇ ਸਾਲ ਵਿਚ TP ਤੋਂ ਪਹਿਲਾਂ ਕਾਲਜ ਦੇ ਅਧਿਆਪਕਾਂ ਨੇ 80% + ਸਿਲੇਬਸ ਪੂਰਾ ਕਰਵਾ ਦਿੱਤਾ ਤਾਂ ਜੋ ਸਾਨੂੰ ਆਪਣੀ TP ਦੇ ਦੌਰਾਨ ਕੋਈ ਮੁਸ਼ਕਲ ਨਾ ਆਵੇ।

ਦੂਜੇ ਸਾਲ ਦੇ ਸਾਡੇ ਅਜੇ ਤੱਕ ਪੇਪਰ ਨਹੀਂ ਹੋਏ।

ਦੂਜੇ ਸਾਲ ਵਿਚ ਸਾਡੀ ਜੋ ~~ਟ੍ਰੇਨਿੰਗ~~ Training ਉਹ 6 Months ਦੀ ਸੀ, ਇਨ੍ਹਾਂ 6 Months ਵਿਚ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ, ਕਿਉਂਕਿ ਇਹ Training ਸਾਡੀ ਸਿਰਫ਼ ਸਕੂਲ ਤੱਕ ਦੇ ਪੱਧਰਾਂ ਤੱਕ ਲੱਗੀ ਸੀ।


# ਤ.

ਅਦਭੁਤ

ਤਲਾਅ

Designer Sheets

# APJ ABDUL KALAM



Date 1.
Page

# ਡਾ. ਅਬਦੁਲ ਕਲਾਮ

ਸਾਡੇ ਦੇਸ਼ ਦੇ ਗਿਆਰਵੇਂ ਰਾਸ਼ਟਰਪਤੀ ਡਾ. ਅਬਦੁਲ ਕਲਾਮ ਸਨ। ਉਹ ਇੱਕ ਵਿਗਿਆਨ, ਲੇਖਕ ਅਤੇ ਨੌਜਵਾਨ ਪੀੜ੍ਹੀ ਦੇ ਪੱਥ ਪ੍ਰਦਰਸ਼ਕ ਸਨ।

**ਆਰੰਭਿਕ ਜੀਵਨ :** ਡਾ. ਅਬਦੁਲ ਕਲਾਮ ਦਾ ਜਨਮ 15 ਅਕਤੂਬਰ 1931 ਈ. ਨੂੰ ਤਾਮਿਲਨਾਡੂ ਦੇ ਛੋਟੇ ਜਿਹੇ ਪਿੰਡ ਵਿਚ ਹੋਇਆ। ਉਹਨਾਂ ਦੇ ਪਰਿਵਾਰ ਦੀ ਆਰਥਿਕ ਸਥਿਤੀ ਠੀਕ ਨਹੀਂ ਸੀ। ਉਹਨਾਂ ਨੇ ਆਪਣੀ ਪੜ੍ਹਾਈ ਦਾ ਆਰੰਭ ਤਾਮਿਸ਼ਵਰਮ ਦੇ ਸਕੂਲ ਵਿਚ ਕੀਤਾ। ਉਹਨਾਂ ਨੇ ਆਪਣੀ ਪੜ੍ਹਾਈ ਕਰਨ ਅਤੇ ਆਰਥਿਕ ਸਮੱਸਿਆ ਲਈ ਅਖ਼ਬਾਰ ਵੇਚਣ ਦਾ ਕੰਮ ਆਰੰਭ ਕੀਤਾ। ਉਹਨਾਂ ਨੇ ਬਾਰ੍ਹਵੀਂ ਰਾਮਨਾਥਪੁਰਮ ਦੇ ਸਕੂਲ ਤੋਂ ਕੀਤੀ। ਉਹਨਾਂ ਦੀ ਸਿੱਖਿਆ ਦਾ ਅੰਤ ਨਹੀਂ ਹੋਇਆ। ਉਹਨਾਂ ਨੂੰ ਪੜ੍ਹਨ ਅਤੇ ਸਿੱਖਣ ਦਾ ਬਹੁਤ ਸ਼ੌਕ ਸੀ। ਉਹਨਾਂ ਦਾ ਸੁਪਨਾ ਸੀ ਕਿ ਉਹ ਭਾਰਤੀ ਵਾਯੂ ਸੈਨਾ ਵਿਚ ਫਾਈਟਰ ਪਲੇਨ ਦੇ ਚਾਲਕ ਬਣ ਕਿ ਪਾਇਲਟ ਬਣ ਸਕੇ, ਪਰੰਤੂ ਉਹ ਪਾਸ ਨਾ ਹੋਇਆ ਪਰ ਫਿਰ ਵੀ ਉਹਨਾਂ ਨੇ ਹਾਰ ਨਹੀਂ ਮੰਨੀ। 1962 ਵਿਚ ਉਹ ਭਾਰਤੀ ਐਂਤਰਿਕਸ਼ ਅਨੁਸੰਧਾਨ ਸੰਗਠਨ ਵਿਚ ਆਏ ਜਿੱਥੇ ਉਹਨਾਂ ਨੇ ਸਫਲਤਾਪੂਰਵਕ ਕਈ ਉਪਗ੍ਰਹਿ

Impressions
Date ____
Page ____

ਪਰਖੇਪਣ ਪਰਿਯੋਜਨਾਵਾਂ ਵਿਚ ਅਹਿਮ ਭੂਮਿਕਾ ਨਿਭਾਈ। ਪਰਿਯੋਜਨਾ ਨਿਰਦੇਸ਼ਕ ਦੇ ਰੂਪ ਵਿੱਚ ਭਾਰਤ ਦੇ ਪਹਿਲੇ ਸਵਦੇਸ਼ੀ, ਉਪਗ੍ਰਹਿ ਪਰਖੇਪਣ ਯਾਨ (SLVI) ਦੇ ਨਿਰਮਾਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਸਦੇ ਨਾਲ ਜੁਲਾਈ 1980 ਵਿਚ 'ਰੋਹਿਣੀ' ਉਪਗ੍ਰਹਿ ਸਫਲਤਾਪੂਰਵਕ ਆਕਾਸ਼ ਵਿਚ ਲਾਂਚ ਕੀਤਾ ਗਿਆ।

- **ਇਨਾਮ ਸਨਮਾਨ :-** ਡਾ. ਕਲਾਮ ਨੂੰ ਅਨੇਕਾਂ ਇਨਾਮ ਸਨਮਾਨ ਮਿਲੇ। 1977 ਵਿਚ ਭਾਰਤ ਦੇ ਸਭ ਤੋਂ ਉੱਚ ਨਾਗਰਿਕ ਸਨਮਾਨ ਭਾਰਤ ਸਨਮਾਨ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ 1981 ਵਿਚ 'ਪਦਮ ਭੂਸ਼ਣ' ਤੇ 1990 ਵਿਚ ਪਦਮ ਵਿਭੂਸ਼ਣ ਸਨਮਾਨ ਦਿੱਤਾ ਗਿਆ। 40 ਯੂਨੀਵਰਸਿਟੀਆਂ ਤੋਂ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ। 2014 ਵਿਚ ਏਡਿਨਬਰਗ ਯੂਨੀਵਰਸਿਟੀ ਨੇ ਡਾਕਟਰ ਆਫ਼ ਸਾਇੰਸ ਅਵਾਰਡ ਦਿੱਤਾ, ਯੂ. ਐਨ. ਓ. ਵਲੋਂ ਉਨ੍ਹਾਂ ਦੇ 70ਵੇਂ ਜਨਮ ਦਿਵਸ ਨੂੰ 'ਵਿਸ਼ਵ ਵਿਦਿਆਰਥੀ ਦਿਵਸ' ਵਜੋਂ ਮਨਾਇਆ ਗਿਆ।

- **ਸਿਆਸੀ ਜ਼ਿੰਦਗੀ :-** ਡਾ. ਅਬਦੁਲ ਕਲਾਮ ਨੇ 1974 ਵਿਚ ਭਾਰਤ ਦਾ ਪਹਿਲਾ ਐਟਮੀ ਤਜਰਬਾ ਕੀਤਾ ਸੀ ਜਿਸਦੇ ਕਾਰਨ ਉਹਨਾਂ ਨੂੰ 'ਮਿਜ਼ਾਈਲ ਮੈਨ' ਕਿਹਾ ਜਾਂਦਾ ਹੈ। ਭਾਰਤ ਦੀ ਬਾਰ੍ਹਵੀਂ ਪ੍ਰਧਾਨਗੀ ਦੀ ਚੋਣ ਵਿਚ ਇਨ੍ਹਾਂ ਨੇ 89 ਫੀਸਦੀ ਵੋਟ ਲੈ ਕੇ ਵਿਰੋਧੀ ਧਿਰ ਲਕਸ਼ਮੀ ਸਹਿਗਲ ਨੂੰ ਕਰਾਰੀ ਹਾਰ ਦਿੱਤੀ। ਅਬਦੁਲ ਕਲਾਮ ਭਾਰਤ ਦੇ ਤੀਸਰੇ ਮੁਸਲਮਾਨ ਰਾਸ਼ਟਰਪਤੀ ਬਣੇ। ਭਾਰਤ ਦੇ ਨਵੇਂ ਰਾਸ਼ਟਰਪਤੀ ਨੂੰ ਸੰਸਦ ਦੇ ਮੈਂਬਰਾਂ ਅਤੇ ਰਿਆਸਤੀ ਚੋਣ ਕਾਲਜ ਦੇ ਤਕਰੀਬਨ ਪੰਜ ਹਜ਼ਾਰ ਮੈਂਬਰਾਂ ਨੇ ਚੁਣਿਆ।

# ਅਬੁਲ ਕਲਾਮ ਦਾ ਦ੍ਰਿਸ਼ਟੀਕੋਣ

## ਭਾਰਤ ਦੇ ਲਈ ਤਿੰਨ ਸੁਪਨੇ :-

ਉਹ ਚਾਹੁੰਦੇ ਸਨ ਭਾਰਤ ਦੇ ਲਈ ਉਹਨਾਂ ਦਾ ਪਹਿਲਾ ਸੁਪਨਾ ਸੁਤੰਤਰਤਾ ਦਾ ਹੈ। ਭਾਰਤ ਨੂੰ ਆਪਣਾ ਸੁਤੰਤਰਤਾ ਸੰਬੰਧੀ ਪਹਿਲਾ ਸੁਪਨਾ 1857 ਵਿਚ ਪ੍ਰਾਪਤ ਹੋਇਆ ਸੀ ਜਦੋਂ ਸੁਤੰਤਰਤਾ ਸੰਗਰਾਮ ਦਾ ਆਰੰਭ ਹੋਇਆ ਸੀ। ਇਹੀ ਸੁਤੰਤਰਤਾ ਹੈ ਜਿਸਦੀ ਰੱਖਿਆ ਅਸੀਂ ਕਰਨਾ ਹੈ। ਅਸੀਂ ਇਸਦਾ ਪੋਸ਼ਣ ਕਰਨਾ ਹੈ ਅਤੇ ਇਸਦੇ ਉੱਪਰ ਭਾਰਤ ਦੇ ਭਵਿੱਖ ਦਾ ਨਿਰਮਾਣ ਕਰਨਾ ਹੈ।

## ਦੂਜਾ ਸੁਪਨਾ :-

ਅਬੁਲ ਕਲਾਮ ਜੀ ਦਾ ਭਾਰਤ ਦੇ ਸੰਬੰਧ ਵਿਚ ਦੂਜਾ ਸੁਪਨਾ ਵਿਕਾਸ ਸੀ। ਪੰਜਾਹ ਸਾਲ ਤੋਂ ਅਸੀਂ ਇਕ ਵਿਕਾਸਸ਼ੀਲ ਰਾਸ਼ਟਰ ਬਣੇ ਹੋਏ ਹਾਂ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਆਪ ਨੂੰ ਵਿਕਸਿਤ ਰਾਸ਼ਟਰ ਦੇ ਰੂਪ ਵਿਚ ਦੇਖੀਏ।

## ਤੀਜਾ ਸੁਪਨਾ :-

ਉਹਨਾਂ ਦਾ ਤੀਜਾ ਸੁਪਨਾ ਤਾਕਤ ਦਾ ਹੈ, ਉਹ ਚਾਹੁੰਦੇ ਸਨ ਕਿ ਭਾਰਤ ਨੂੰ ਜ਼ਰੂਰ ਤਾਕਤਵਰ ਬਣਨਾ ਚਾਹੀਦਾ ਹੈ। ਇਸਨੂੰ ਸੰਸਾਰ ਦੇ ਮੁਕਾਬਲੇ ਖੜ੍ਹਾ ਹੋਣਾ ਚਾਹੀਦਾ ਹੈ। ਉਹਨਾਂ ਅਨੁਸਾਰ ਤਾਕਤ ਹੀ ਤਾਕਤ ਦਾ ਸਨਮਾਨ ਕਰਦੀ ਹੈ। ਸਾਨੂੰ ਨਾ ਸਿਰਫ਼ ਸੈਨਿਕ ਸ਼ਕਤੀ ਦੇ ਰੂਪ ਵਿਚ ਹੀ ਤਾਕਤਵਰ ਬਣਨਾ ਚਾਹੀਦਾ ਹੈ ਸਗੋਂ ਇਕ ਆਰਥਿਕ ਸ਼ਕਤੀ ਦੇ ਰੂਪ ਵਿਚ ਵੀ ਬਣਨਾ ਚਾਹੀਦਾ ਹੈ।

## ਵਿਦੇਸ਼ੀ ਚੀਜ਼ਾਂ ਲਈ ਸਾਡਾ ਜਨੂਨ :- ਅਬਦੁਲ ਕਲਾਮ

ਕਹਿੰਦੇ ਹਨ ਕਿ ਸਾਡੇ ਭਾਰਤ ਨੇ ਅਨੇਕ ਖੇਤਰਾਂ ਵਿਚ ਅਦਭੁਤ ਸਫਲਤਾ ਪ੍ਰਾਪਤ ਕੀਤੀ ਹੈ, ਫਿਰ ਵੀ ਅਸੀਂ ਵਿਦੇਸ਼ੀ ਚੀਜ਼ਾਂ ਵੱਲੋਂ ਦੌੜਦੇ ਹਾਂ। ਅਸੀਂ ਵਿਦੇਸ਼ੀ ਟੀ. ਵੀ, ਵਿਦੇਸ਼ੀ ਕਪੜੇ ਅਤੇ ਵਿਦੇਸ਼ੀ ਟੈਕਨਾਲੋਜੀ ਚਾਹੁੰਦੇ ਹਾਂ। ਅਬਦੁਲ ਕਲਾਮ ਹਰ ਵਿਦੇਸ਼ੀ ਚੀਜ਼ ਲਈ ਇਸ ਜਨੂਨ ਨੂੰ ਸਮਝ ਨਹੀਂ ਪਾਉਂਦੇ। ਉਹ ਕਹਿੰਦੇ ਹਨ ਕਿ ਸਾਨੂੰ ਆਤਮ-ਨਿਰਭਰ ਬਣਨਾ ਚਾਹੀਦਾ ਅਤੇ ਵਿਦੇਸ਼ੀ ਚੀਜ਼ਾਂ ਦੇ ਪਿੱਛੇ ਨਹੀਂ ਦੌੜਨਾ ਚਾਹੀਦਾ।

**ਦੇਹਾਂਤ** :- 27 July 2015 ਨੂੰ ਆਈ. ਆਈ. ਐੱਮ. ਸ਼ਿਲਾਂਗ ਵਿਖੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਉੱਥੇ ਮੇਥਾਨਿਕ ਹਸਪਤਾਲ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਸ ਵੇਲੇ ਵੀ ਉਹ ਵਿਗਿਆਨ ਨੂੰ ਸੰਬੋਧਨ ਕਰ ਰਹੇ ਸਨ। ਉਹ ਸਚਮੁੱਚ ਭਾਰਤ ਦੇ ਅਨਮੋਲ ਰਤਨ ਸੀ।

Serial No. Notes Date

मूंग

मसूर


IDER

**ਮੇਰਾ ਇਹ ਸੁਪਨਾ ਹੈ ਕਿ ਮੈਂ ਇੱਕ ਚੰਗਾ ਅਧਿਆਪਕ ਦੇ ਰੂਪ ਵਿੱਚ ਸਮਾਜ ਵਿੱਚ ਵਿਚਰਨਾ ਹੈ।**

→ ਜ਼ਿੰਦਗੀ ਅਧਿਆਪਕ ਨਾਲੋਂ ਜ਼ਿਆਦਾ ਸਖ਼ਤ ਹੁੰਦੀ ਹੈ। ਅਧਿਆਪਕ ਸਬਕ ਦੇ ਕੇ ~~[illegible]~~ ਇਮਤਿਹਾਨ ਲੈਂਦਾ ਹੈ ਅਤੇ ਜ਼ਿੰਦਗੀ ਇਮਤਿਹਾਨ ਲੈ ਕੇ ਸਬਕ ਦਿੰਦਾ ਹੈ।

**ਜਾਣ-ਪਛਾਣ :-** ਮੈਂ ਲਾਲਾ ਜਗਤ ਨਰਾਇਣ ਕਾਲਜ, ਜਲਾਲਾਬਾਦ ਵਿੱਚ ਈ.ਟੀ.ਟੀ ਕਰ ਰਹੀ ਹਾਂ। ਅਸੀਂ ਆਪਣੇ ਜੀਵਨ ਵਿੱਚ ਕਈ ਕਾਰਜ ਕਰਦੇ ਰਹਿੰਦੇ ਹਾਂ ਅਤੇ ਸਾਡੇ ਉਨ੍ਹਾਂ ਦੇ ਪ੍ਰਤੀ ਕੁੱਝ ਉਦੇਸ਼ ਵੀ ਹੁੰਦੇ ਹਨ। ਸਾਡੇ ਲਈ ਉਨ੍ਹਾਂ ਕਾਰਜਾਂ ਦਾ ਲਾਭ ਵੀ ਮਿਲਦਾ ਹੈ। ਇਸ ਤਰ੍ਹਾਂ ਮੇਰਾ ਈ.ਟੀ. ਟੀ ਕਰਨ ਦਾ ਮੁੱਖ ਉਦੇਸ਼ ਚੰਗੀ ਸ਼ਖ਼ਸੀਅਤ ਵਾਲਾ ਅਧਿਆਪਕ ਬਣਨਾ ਹੈ ਜੋ ਕਿ ਬੱਚਿਆਂ ਨਾਲ ਘੁਲ-ਮਿਲ ਕੇ ਗਿਆਨ ਸਾਂਝਾ ਕਰ ਸਕੇ।

ਮੈਂ ਇੱਕ ਅਧਿਆਪਕ ਇਸ ਲਈ ਬਣਨਾ ਚਾਹੁੰਦੀ ਹਾਂ ਕਿਉਂਕਿ ਅਧਿਆਪਕ ਨੂੰ ਰਾਸ਼ਟਰ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਮੈਨੂੰ ਬੱਚਿਆਂ ਦੇ ਨਾਲ ਆਪਣੇ ਵਿਚਾਰ ਸਾਂਝੇ ਕਰਨਾ ਬਹੁਤ ਚੰਗਾ ਲੱਗਦਾ ਹੈ। ਅਧਿਆਪਕ ਜਿਸ ਤਰ੍ਹਾਂ ਦੀ ਸਿੱਖਿਆ ਬੱਚਿਆਂ ਨੂੰ ਪ੍ਰਦਾਨ ਕਰਦਾ ਹੈ, ਬੱਚੇ ਵੀ ਉਹੀ ਸਿੱਖਿਆ ਗ੍ਰਹਿਣ



ਰਹਿੰਦੇ ਹਨ। ਮੈਨੂੰ ਖੇਡ-ਖੇਡ ਦੇ ਮਾਧਿਅਮ ਖੇਡ ਵਿਧੀ ਰਾਹੀਂ ਬੱਚਿਆਂ ਨੂੰ ਪੜ੍ਹਾਉਣਾ ਚੰਗਾ ਲੱਗਦਾ ਹੈ ਤਾਂ ਜੋ ਬੱਚਿਆਂ ਦੇ ਮਾਨਸਿਕ ਸਤਰ ਤੇ ਸਾਰਾ ਗਿਆਨ ਸਥਾਈ ਰੂਪ ਵਿਚ ਸ਼ਾਮਿਲ ਹੋ ਸਕੇ।

ਸਮਾਜ ਵਿਚ ਕਈ ਤਰ੍ਹਾਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਆਦਿ ਪਰਿਵਰਤਨ ਲਿਆਉਣ ਵਿਚ ਵੀ ਇੱਕ ਅਧਿਆਪਕ ਦੀ ਅਹਿਮ ਭੂਮਿਕਾ ਹੁੰਦੀ ਹੈ। ਅੱਜਕੱਲ੍ਹ ਪੜ੍ਹਾਈ ਬਹੁਤ ਮਹਿੰਗੀ ਹੋ ਗਈ ਹੈ। ~~ਅੱਜਕੱਲ੍ਹ~~ ਮੈਂ ਸਰਕਾਰੀ ਸਕੂਲ ਦੀ ਅਧਿਆਪਕ ਬਣ ਕੇ ਗਰੀਬ ਬੱਚਿਆਂ ਦੇ ਭਵਿੱਖ ਨੂੰ ਸੰਵਾਰਨਾ ਚਾਹੁੰਦੀ ਹਾਂ ਤਾਂ ਜੋ ਉਹ ਵੀ ਚੰਗਾ ਗਿਆਨ ਪ੍ਰਾਪਤ ਕਰ ਸਕਣ। ਮੇਰਾ ਇਹ ਉਦੇਸ਼ ਹੈ ਕਿ ਮੈਂ ਪ੍ਰਾਈਵੇਟ ਸਕੂਲਾਂ ਤੋਂ ਸਸਤੇ ਢੰਗ ਦੇ ਨਾਲ ਉਨ੍ਹਾਂ ਗਰੀਬ ਮਾਤਾ-ਪਿਤਾ ਦੇ ਬੱਚਿਆਂ ਨੂੰ ਪੜ੍ਹਾਵਾਂ ਜੋ ਕਿ ਆਰਥਿਕ ਪੱਖੋਂ ਤੰਗ ਹਨ। ਅੱਜਕੱਲ੍ਹ ਸਰਕਾਰੀ ਸਕੂਲਾਂ ਦੇ ਵਿਚ ਬੱਚਿਆਂ ਗਿਣਤੀ ਘੱਟ ਗਈ ਹੈ, ਕਿਉਂ? ਜੇਕਰ ਮੈਂ ਭਵਿੱਖ ਦੇ ਵਿਚ ਸਰਕਾਰੀ ਅਧਿਆਪਕ ਬਣਾਂ ਤਾਂ ਮੈਂ ਬੱਚਿਆਂ ਨੂੰ ਉਨ੍ਹਾਂ ਦੀ ਰੁਚੀ ਸ਼ਕਤੀ ਦੇ ਕਾਬਲ ਬਣਾਉਣ ਲਈ ਪੜ੍ਹਾਉਣਾ ਪਸੰਦ ਕਰਾਂਗੀ। ਇਸ ਤਰ੍ਹਾਂ ਬੱਚਿਆਂ ਨੂੰ ਵੀ ਆਪਣੇ ਅਧਿਆਪਕ ਤੋਂ ਪੜ੍ਹਨ ਦੀ ਇੱਛਾ ਪੈਦਾ ਹੁੰਦੀ ਹੈ। ਖੇਡ ਵਿਧੀ ਦੇ ਨਾਲ ਪੜ੍ਹਨ ਵਿਚ ਵੀ ਬੱਚਿਆਂ ਦਾ ਰੁਝਾਨ ਵੱਲ ਵਧਦਾ ਹੈ ਅਤੇ ਉਨ੍ਹਾਂ ਵਿਚ ਉਤਸੁਕਤਾ ਪੈਦਾ ਹੁੰਦੀ ਹੈ ਕਿ

ਅਧਿਆਪਕ ਨੇ ਅੱਜ ਹੀ ਪੜ੍ਹਾਉਣਾ ਹੈ, ਬੱਚਿਆਂ ਨੂੰ ਸਰਬਾਂਗੀ ਸਕੂਲ ਦੇ ਵਿਚ ਚੰਗਾਂ ਵਾਤਾਵਰਨ, ਚੰਗੀ ਸਹੂਲਤਾਂ ਅਤੇ ਸਭ ਤੋਂ ਮਹੱਤਵਪੂਰਨ ਹੈ ਕਿ ਮੇਰਾ ਚੰਗਾ ਵਿਵਹਾਰ। ਇਹ ਸਭ ਪ੍ਰਦਾਨ ਕਰਕੇ ਬੱਚਿਆਂ ਨੂੰ ਸਿੱਖਿਅਤ ਕਰਨਾ ਮੇਰਾ ਮੁੱਖ ਉਦੇਸ਼ ਹੈ। ਮੈਂ ਆਪਣੇ ਆਪ ਨੂੰ ਬੱਚਿਆਂ ਨੂੰ ਸਿੱਖਿਅਤ ਕਰਨਾ ਮੇਰਾ ਮੁੱਖ ਉਦੇਸ਼ ਹੈ। ਮੈਂ ਆਪਣੇ ਆਪ ਨੂੰ ਬੱਚਿਆਂ ਲਈ ਚੰਗੀ ਅਧਿਆਪਕ ਦੇ ਰੂਪ ਵਿਚ ਵਿਚਰਨ ਦੀ ਕੋਸ਼ਿਸ਼ ਕਰਾਂਗੀ।

**ਸਾਖਰ ਸਮਾਜ :-** ਮੇਰਾ ਅਧਿਆਪਕ ਬਣਨ ਦਾ ਪਹਿਲਾ ਉਦੇਸ਼ ਸਾਖਰ ਸਮਾਜ ਦੀ ਸਿਰਜਣਾ ਕਰਨਾ ਹੈ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦ ਕਿ ਮੈਂ ਖੁਦ ਗਿਆਨ ਭਰਪੂਰ ਹੋਣਾ ਅਤੇ ਮੈਂ ਆਪਣੇ ਬੱਚਿਆਂ ਨੂੰ ਹਰ ਪੱਖ ਤੋਂ ਸਹਿਯੋਗ ਦੇ ਕੇ ਉਹਨਾਂ ਦੀ ਇੱਛਾਵਾਂ, ਰੁਚੀਆਂ ਦੀ ਪੂਰਤੀ ਕਰਕੇ ਉਹਨਾਂ ਨੂੰ ਸਿੱਖਿਆ ਪ੍ਰਦਾਨ ਕਰਾਂਗੀ। ਮੈਂ ਇੱਕ ਚੰਗੇ ਪੜ੍ਹੇ- ਲਿਖੇ ਸਮਾਜ ਵਿਚ ਆਪਣਾ ਪੂਰਾ ਯੋਗਦਾਨ ਅਤੇ ਸਹਿਯੋਗ ਦੇਵਾਂਗੀ।

**ਬੱਚਿਆਂ ਦੇ ਉਜਵਲ ਭਵਿੱਖ :-** ਮੇਰਾ ਅਧਿਆਪਕ ਬਣਨ ਦਾ ਮੁੱਖ ਉਦੇਸ਼ ਹੈ ਇਹ ਹੈ ਕਿ ਬੱਚਿਆਂ ਦਾ ਉਜਵਲ ਭਵਿੱਖ ਇਹ ਤਾਂ ਹੀ ਸੰਭਵ

Page 5

ਹੈ ਕਿ ਬੱਚਿਆਂ ਦਾ ਉਜਵਲ ਭਵਿੱਖ ਇਹ ਤਾਂ ਹੀ ਸੰਭਵ ਹੈ ਜਦੋਂ ਅਸੀਂ ਸਿਰਫ਼ ਆਪਣੇ ਹਿੱਤ ਨੂੰ ਪੈਸਾ ਕਮਾਉਣ ਦਾ ਸਾਧਨ ਨਾ ਸਮਝ ਕੇ ਬੱਚਿਆਂ ਦੀ ਸਿੱਖਿਆ ਉੱਪਰ ਪੂਰਾ ਧਿਆਨ ਕੇਂਦਰਿਤ ਕਰੀਏ ਕਿਉਂਕਿ ਬੱਚਿਆਂ ਦਾ ਭਵਿੱਖ ਉਜਵਲ ਤਦੋਂ ਹੀ ਸੰਭਿਆ ਜਾਵੇਗਾ ਜਦੋਂ ਉਹ ਆਪਣੇ ਜੀਵਨ ਵਿਚ ਚੰਗੀ ਸਫਲਤਾ ਪ੍ਰਾਪਤ ਕਰਨਗੇ ਅਤੇ ਜੋ ਉਮੀਦ ਉਹਨਾਂ ਦੇ ਮਾਤਾ-ਪਿਤਾ ਨੇ ਉਹਨਾਂ ਤੋਂ ਲਗਾਈ ਹੋਈ ਹੈ ਉਹ ਪੂਰੀ ਕਰਨ ਅਤੇ ਦੇਸ਼ ਦੀ ਤਰੱਕੀ ਅਤੇ ਰਾਸ਼ਟਰੀ ਵਿਕਾਸ ਕਰਨ ਵਿਚ ਪੂਰਨ ਯੋਗਦਾਨ ਦੇਣ।

**ਸਿੱਟਾ :-** ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦੀ ਹੈ ਕਿ ਇਕ ਚੰਗੇ ਅਧਿਆਪਕ ਲਈ ਸੁਪਨੇ ਉਹ ਹੀ ਹਨ ਜੋ ਉਸਨੇ ਆਪਣਾ ਫ਼ਰਜ਼ ਪ੍ਰਾਪਤ ਕਰਨ ਦੇ ਲਈ ਸੋਚਣ ਨਾ ਦੇਣ। ਜ਼ਰੂਰਤ ਹੈ ਸਹੀ ਅਗਵਾਈ ਦੀ। ਸਹੀ ਮਾਰਗ ਦਿਸ਼ਾਣੀ ਦੀ ਤਾਂ ਫਿਰ ਆਪਣੇ ਆਪ ਹੀ ਸਫਲਤਾ ਸਾਡੇ ਪੈਰਾਂ ਦਾ ਰਾਹ ਚੁੰਮਦੀ ਹੈ।

Serial No.

Notes

Date

ਸੈਮੀਨਰ

ਵੀ

ਇਮਪਾਂਰ

ਰਿਪੋਰਟ


PAGE NO. 
DATE. 1.

# ਸੈਮੀਨਾਰ ਦੀ ਵਿਸਥਾਰ ਰਿਪੋਰਟ

**ਭੂਮਿਕਾ :** ਸਿੱਖਿਆ ਇਕ ਨਿਰੰਤਰ ਪ੍ਰਕਿਰਿਆ ਹੈ ਜੋ ਜਨਮ ਤੋਂ ਮੌਤ ਤੱਕ ਚੱਲਦੀ ਰਹਿੰਦੀ ਹੈ। ਵਿਅਕਤੀ ਹਰ ਸਮੇਂ, ਹਰ ਘਟਨਾ ਤੋਂ ਕੁਝ ਸਿੱਖਦਾ ਹੈ। ਇਕ ਸਿੱਖਿਆਰਥੀ ਹਰ ਸਮੇਂ ਸਿੱਖਣ ਲਈ ਤੱਤਪਰ ਰਹਿੰਦਾ ਹੈ ਚਾਹੇ ਉਹ ਉਸ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਕਿਰਿਆਵਾਂ ਹੋਣ, ਘਟਨਾਵਾਂ ਜਾਂ ਕੋਈ ਵਿਸ਼ੇਸ਼ ਸਮਾਗਮ ਜਿਵੇਂ ਕਿ ਕੋਈ ਵਿਸ਼ੇਸ਼ ਸੈਮੀਨਾਰ, ਵਾਦ-ਵਿਵਾਦ ਜਾਂ ਪ੍ਰਤੀਯੋਗਤਾ। ਜੇਕਰ ਅਸੀਂ ਸੈਮੀਨਾਰ ਦੀ ਗੱਲ ਕਰੀਏ ਤਾਂ ਇਹ ਸਿੱਖਣ ਵਿਚ ਅਹਿਮ ਰੋਲ ਅਦਾ ਕਰਦਾ ਹੈ। ਸੈਮੀਨਾਰ ਇਕ ਅਜਿਹੀ ਪ੍ਰਕਿਰਿਆ ਹੈ ਜੋ ਸਾਨੂੰ ਵਿਚਾਰ-ਵਟਾਂਦਰੇ ਦੇ ਨਾਲ ਜੀਵਨ-ਜਾਚ ਲਈ ਸੇਧ ਪ੍ਰਦਾਨ ਕਰਦਾ ਹੈ। ਸੈਮੀਨਾਰ ਅਧਿਆਪਕਾਂ ਦੁਆਰਾ, ਉੱਚੀਆਂ ਸ਼ਖ਼ਸੀਅਤਾਂ, ਸਾਹਿਤਕਾਰ ਜਾਂ ਅਫ਼ਸਰਾਂ ਨਾਲ ਸਾਨੂੰ ਸੇਧ ਦਿੰਦੇ ਹਨ। ਸੈਮੀਨਾਰ ਕਈ ਤਰ੍ਹਾਂ ਦੇ ਹੁੰਦੇ ਹਨ, ਜਿਵੇਂ ਸਿੱਖਿਅਕ ਸੈਮੀਨਾਰ, ਅਗਵਾਈ ਸੈਮੀਨਾਰ, ਸ਼ਖ਼ਸੀਅਤ ਉਸਾਰੀ ਸੈਮੀਨਾਰ, ਧਾਰਮਿਕ ਤੇ ~~ਆਰਥਿਕ~~ ਰਾਜਨੀਤਕ ਸੈਮੀਨਾਰ। ਜੋ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਤੱਕ ਹੁੰਦੇ ਹਨ।

Seminar is a group of Members come together exchange view of current problems to share ~~his~~ with others their own experiences, experiment discoveries.





ਦੋ ਰੋਜ਼

ਸੈਮੀਨਾਰ

Ajay Ba
Si

Amit Kum
Sir

# ਦੋ ਰੋਜ਼ਾ ਸੈਮੀਨਾਰ

TP ਤੋਂ ਪਹਿਲਾਂ ਸਾਡੇ ਕਾਲਜ ਵਿਚ ਦੋ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ~~ਗਿਆ।~~ ਜੋ ਕਿ ਮਿਤੀ 28-7-2025 ਤੋਂ 29-7-2025 ਨੂੰ ਕੀਤਾ ਗਿਆ। ਇਸ ਸੈਮੀਨਾਰ ਵਿਚ ਸਾਨੂੰ ਸਕੂਲਾਂ ਵਿੱਚ ਜਾਣ ਤੋਂ ਪਹਿਲਾਂ ਟ੍ਰੇਨਿੰਗ ਦਿੱਤੀ ਦਿੱਤੀ ਗਈ।

## ਮੁੱਖ ਮੈਂਬਰ

ਇਸ ਸੈਮੀਨਾਰ ਦੇ ਮੁੱਖ ਮੈਂਬਰਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:-

1) Amit Kumar
2) Ajay Babbar

## ਮਿਸ਼ਨ ਸਮਰੱਥ

ਇਸ ਦੋ ਰੋਜ਼ਾ ~~ਸੈਮੀਨਾਰ~~ ਸੈਮੀਨਾਰ ਵਿਚ ਮਿਸ਼ਨ ਸਮਰੱਥ ਬਾਰੇ ਜਾਣੂ ਕਰਵਾਇਆ ਗਿਆ। ਜੋ 1 ਅਪ੍ਰੈਲ ਮਹੀਨੇ ਤੋਂ ਸ਼ੁਰੂ ਹੋ ਰਹੇ ਤਾ ਅਗਸਤ ਤੱਕ ~~ਚੱਲਣਾ~~ ਚੱਲਣਾ ਸੀ। ਇਹ ਮਿਸ਼ਨ ਸਮਰੱਥ ਤੀਜੀ, ਚੌਥੀ, ਪੰਜਵੀਂ ਜਮਾਤ ਤੱਕ ਹੀ ਸੀ। ਇਸ ਵਿਚ ਤਿੰਨ ਵਿਸ਼ੇ ਹੀ ਕਰਵਾਏ ਜਾਣੇ ਸੀ:- ਪੰਜਾਬੀ, ਅੰਗਰੇਜ਼ੀ, ਗਣਿਤ ਸੀ,

# ਵਿਸ਼ਾ : ਪੰਜਾਬੀ

ਪੰਜਾਬੀ ਵਿਸ਼ਾ ਵਿਚ ਤਿੰਨ ਪੱਧਰ ਹਨ ਤੇ, ਜਿਨ੍ਹਾਂ ਵਿਚ ਅਲੱਗ-2 ਪੱਧਰ ਦੇ ਬੱਚੇ ਸਨ।

* **ਪਹਿਲਾਂ ਪੱਧਰ :-** ਇਸ ਪੱਧਰ ਵਿਚ ਜੋ ਬੱਚੇ ਅੰਗਤਰ ਅੱਖਰ, ਸ਼ਬਦਾਂ ਤੇ ਹੁੰਦੇ ਹਨ, ਉਸ ਤਰ੍ਹਾਂ ਦੇ ਬੱਚਿਆਂ ਨੂੰ ਪਹਿਲੇ ਪੱਧਰ ਤੇ ਰੱਖੇ ਜਾਂਦੇ ਹਨ।

* **ਦੂਜਾ ਪੱਧਰ :-** ਇਸ ਪੱਧਰ ਵਿਚ ਜੋ ਬੱਚੇ ਪੈਰਾ, ਕਹਾਣੀ ਤੇ ਹੁੰਦੇ ਹਨ, ਉਸ ਤਰ੍ਹਾਂ ਦੇ ਬੱਚਿਆਂ ਨੂੰ ਦੂਜੇ ਪੱਧਰ ਤੇ ਰੱਖਿਆ ਜਾਂਦਾ ਹੈ।

* **ਤੀਜਾ ਪੱਧਰ :-** ਇਸ ਪੱਧਰ ਵਿਚ ਜੋ ਬੱਚੇ ਸਮਝ ਆਧਾਰ ਕਹਾਣੀ ਤੇ ਹੁੰਦੇ ਹਨ, ਉਸ ਤਰ੍ਹਾਂ ਦੇ ਬੱਚਿਆਂ ਨੂੰ ਤੀਜੇ ਪੱਧਰ ਤੇ ਰੱਖਿਆ ਜਾਂਦਾ ਹੈ।

* **Testing :-** ਪੈਰੇ ਤੋਂ ਹੀ ਸ਼ੁਰੂ ਕਰਾਂਗੇ ਜਿਸ ਗਲਤੀ ਦੀ ਛੁੱਟੀ ਹੋਵੇਗੀ।

ਪੈਰਾ
↓
ਸ਼ਬਦ → 4/5 ਸਹੀ
↓
ਅੱਖਰ → 4/5 ਸਹੀ

* ਜੋ ਬੱਚਾ ਕਹਾਣੀ ਕਰਦਾ ਹੈ ਉਸ ਤੋਂ ਬਾਅਦ Advance ਕਹਾਣੀ ਆਏਗੀ ਨਾਲ Q/Ans ਵੀ ਪੁੱਛਦੇ ਹਨ। ਉਹ ਸਹੀ ਹੋਣ।

# ਵਿਸ਼ਾ - ਗਣਿਤ

ਗਣਿਤ ਵਿਸ਼ਾ ਵਿਚ ਤਿੰਨ ਪੇਪਰ ਹਨ ਤੇ ਜਿਨ੍ਹਾਂ ਵਿਚ ਅਲੱਗ- ਅਲੱਗ ਪੇਪਰ ਦੇ ਪੁੱਛੇ ਹਨ।

**ਪਹਿਲਾ ਪੇਪਰ :-** ਇਸ ਵਿਚ ਪਹਿਲੇ ਤੇ ਉਹ ਪੁੱਛੇ ਹਨ ਜੋ ਗਲੇ ਪਹਾੜੇ, ਗਿਣਾ ਕਰਾਏ ਹਨ।

**ਦੂਜਾ ਪੇਪਰ :-** ਇਸ ਪੇਪਰ ਵਿਚ ਜੋ ਪੁੱਛੇ ਜ਼ਬਾਨੀ ਸਵਾਲ ਕਰਾਏ ਹਨ, ਉਨ੍ਹਾਂ ਨੂੰ ਦੂਜੇ ਪੇਪਰ ਵਿਚ ਰੱਖਿਆ ਗਿਆ ਹੈ।

**ਤੀਜਾ ਪੇਪਰ :-** ਇਸ ਪੇਪਰ ਵਿਚ ਜੋ ਪੁੱਛੇ ਮਿਸ਼ਰ ਜ਼ਬਾਨੀ ਸਵਾਲ ਕਰਾਏ ਹਨ, ਉਨ੍ਹਾਂ ਨੂੰ ਤੀਜੇ ਪੇਪਰ ਤੇ ਰੱਖਿਆ ਗਿਆ ਹੈ।

**Testing :-** ਪਹਾੜੇ ਤੋਂ ਹੀ ਕਰਨੀ ਹੈ।
ਕੋਈ ਉੱਤਰ ਨਹੀਂ :- 0
ਗ਼ਲਤ ਉੱਤਰ :- 1
ਸਹੀ ਉੱਤਰ :- 2

# ਵਿਸ਼ਾ - English

ਇੰਗਲਿਸ਼ ਵਿਸ਼ਾ ਵਿਚ ਦੋ ਪੇਪਰ ਹਨ ਤੇ ਜਿਨ੍ਹਾਂ ਵਿਚ ਅਲੱਗ-2 ਪੇਪਰ ਦੇ ਪੁੱਛੇ ਹਨ।

**ਪਹਿਲਾ ਪੇਪਰ :-** ਇਸ ਪੇਪਰ ਵਿਚ ਜੋ ਪੁੱਛੇ ਅੰਗਰੇਜ਼ੀ ਅੱਖਰ, ਸ਼ਬਦ ਤੇ ਹਨ।

**ਦੂਜਾ ਪੇਪਰ :-** ਇਸ ਪੇਪਰ ਵਿਚ ਜੋ ਪੁੱਛੇ Paragraph, Story ਤੇ ਹਨ।

ਸਿੱਖਿਆ

ਨਾਲ

ਸਬੰਧਤ

ਵਾਰ

ਵਿਚਾਰ

# ਸਿੱਖਿਆ ਨਾਲ ਸਬੰਧਿਤ ਵਿਹਾਰ ਵਿਕਾਰ

**ਭੂਮਿਕਾ :-** ਵਿਹਾਰ-ਵਿਕਾਰ ਇੱਕ ਅਜਿਹਾ ਸ਼ਬਦ ਹੈ, ਜਿਸ ਦੀ ਹਰ ਖੇਤਰ ਵਿਚ ਆਪਣੀ ਭੂਮਿਕਾ ਹੁੰਦੀ ਹੈ, ਇਹ ਤਾਂ ਸਾਰੇ ਪ੍ਰਾਰੰਭਿਕ ਖੇਤਰ ਹੁੰਦੇ, ਪ੍ਰਭਾਵਿਤ ਜਾਂ ਵਿਚ ਸਿੱਖਿਆ ਵਿਹਾਰ-ਵਿਕਾਰ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਅਸੀਂ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਵਿਚਾਰ ਕੇ ਉਹਨਾਂ ਦਾ ਠੀਕ ਤਰੀਕੇ ਨਾਲ ਹੱਲ ਕਰਦੇ ਹਾਂ। ਇਹ ਤਾਂ ਸਮੱਸਿਆਂ ਬਾਰੇ ਪ੍ਰਭਾਵਿਤ ਹੁੰਦੇ ਜਾਂ ਇਹ ਸਿੱਖਿਆ ਨਾਲ ਸੰਬੰਧਿਤ।

**ਅਰਥ :-** ਵਿਹਾਰ-ਵਿਕਾਰ ਇੱਕ ਅਜਿਹੀ ਵਿਧੀ ਹੈ ਜਿਸ ਵਿਚ ਕਿਸੇ ਵੀ ਵਿਸ਼ੇ ਜਾਂ ਸਮੱਸਿਆ ਨੂੰ ਮੁੱਖ ਰੱਖ ਕੇ ਅਲੱਗ-ਅਲੱਗ ਪੱਖਾਂ ਨੂੰ ਵੇਖਿਆ ਜਾਂਦਾ ਹੈ ਜਿਸ ਵਿਚ ਪਹਿਲੀ ਵਾਰ ਉਸ ਦੇ ਪੱਖ ਵਿਚ ਅਤੇ ਦੂਸਰੀ ਉਸਦੇ ਵਿਪੱਖ ਵਿਚ ਆਪਣੇ ਵਿਚਾਰ ਦਿੰਦੀ ਹੈ। ਜਿਸ ਨਾਲ ਵਿਸ਼ੇ ਨੂੰ ਸਮਝਣ ਅਤੇ ਨਾਲ ਹੀ ਧਿਆਨ ਵਿਚ ਰੱਖ ਕੇ ਫੈਸਲਾ ਲੀਤਾ ਜਾਂਦਾ ਹੈ। ਪਰ ਕਈ ਵਾਰ ਅਜਿਹਾ ਹੁੰਦਾ ਹੈ ਕਿ ਇਹ ਵਿਹਾਰ-ਵਿਕਾਰ ਸਿਰਫ਼ ਇੱਕ ਬਹਿਸ ਬਣ ਜਾਂਦਾ ਹੈ।

## According to Yaakam and Simpson.

"ਵਿਹਾਰ-ਵਿਕਾਰ ਇੱਕ ਅਜਿਹੀ ਵਿਧੀ ਹੈ ਜੋ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦੇ ਵਿਚਕਾਰ ਸਿਧਾਂਤਕ ਅਤੇ ਗੈਰ-ਰਸਮੀ ਗੱਲਬਾਤ ਨੂੰ ਕਿਹਾ ਜਾਂਦਾ ਹੈ।"

ਹੁਣ ਅਸੀਂ ਗੱਲ ਕਰਾਂਗੇ ਸਿੱਖਿਆ ਵਿਚ ਵਾਦ-ਵਿਵਾਦ ਦੀ ਕਿ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਕਿਸ ਤਰ੍ਹਾਂ ਦੀ ਹੈ? ਕੀ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦੀਆਂ ਕਮਜ਼ੋਰੀਆਂ ਉੱਤੇ ਝਾਤ ਪਾ ਲਈਏ

## ਸਿੱਖਿਆ ਦੇ ਪੱਖ ਵਿਚ ਦਲੀਲਾਂ

1. ਅੰਗਰੇਜ਼ੀ ਸਿੱਖਿਆ ਪ੍ਰਣਾਲੀ ਰਾਸ਼ਟਰੀ ਸਿੱਖਿਆ ਨੀਤੀ 1986 ਦੇ ਅਨੁਸਾਰ ਆਪਣੇ ਕਾਰਜਾਂ ਨੂੰ ਪੂਰਾ ਕਰਦੀ,
2. ਅੱਜ ਦੀ ਸਿੱਖਿਆ ਪ੍ਰਣਾਲੀ ਅਧਿਆਪਕ ਕੇਂਦਰਿਤ ਨਾ ਹੋ ਕੇ ਵਿਦਿਆਰਥੀ ਕੇਂਦਰਿਤ ਹੈ,
3. ਬੱਚਿਆਂ ਦਾ ਪਾਠਕ੍ਰਮ ਉਨ੍ਹਾਂ ਦੀਆਂ ਵਰਤਮਾਨ ਸੰਬੰਧੀ ਅਤੇ ਭਵਿੱਖ ਸੰਬੰਧੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਜਾਂਦਾ ਹੈ।
4. ਵਰਤਮਾਨ ਸਿੱਖਿਆ ਬੱਚੇ ਦੇ ਸਰਬਪੱਖੀ ਵਿਕਾਸ ਤੇ ਜ਼ੋਰ ਦਿੰਦੀ ਹੈ।
5. ਸਿੱਖਿਆ ਬਿਨਾਂ ਕਿਸੇ ਭੇਦ-ਭਾਵ ਤੋਂ ਦਿੱਤੀ ਜਾਂਦੀ ਹੈ ਤਾਂ ਕਿ ਸਮਾਨਤਾ ਕਾਇਮ ਕੀਤੀ ਜਾ ਸਕੇ।
6. ਸਿੱਖਿਆ ਦਾ ਉਦੇਸ਼ ਸਿਰਫ਼ ਮਨ ਦਾ ਵਿਕਾਸ ਨਾ ਹੋ ਕੇ ਰਾਸ਼ਟਰ ਦਾ ਵਿਕਾਸ ਕਰਨਾ ਹੈ।

੭. 6-14 ਸਾਲ ਉਮਰ ਦੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ।

੮. ਔਰਤਾਂ ਅਤੇ ਲੜਕੀਆਂ ਦਾ ਸਿੱਖਿਆ ਦਾ ਖੇਤਰ ਦਾ ਲੋੜੀਂਦਾ ਵਿਸਥਾਰ ਹੋ ਰਿਹਾ ਹੈ,

੯. ਸਿੱਖਿਆ ਦੇ ਗੁਣਾਤਮਕ ਸੁਧਾਰ ਲਈ ਵੱਧ ਅਧਿਆਪਕ ਦੀ ਭਰਤੀ।

## ਵਿਪੱਖ ਵਿੱਚ ਦਲੀਲਾਂ

ਸਿੱਖਿਆ ਦੇ ਵਿਪੱਖ ਵਿਚ ਦਲੀਲਾਂ ਹੇਠਾਂ ਅਨੁਸਾਰ ਹਨ:-

੧. ਕਈ ਸਕੂਲ ਅਜਿਹੇ ਹਨ ਜਿੱਥੇ ਬੱਚਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਅਧਿਆਪਕਾਂ ਦੀ ਕਮੀ ਹੈ,

੨. ਸਕੂਲ ਵੱਲੋਂ ਕਈ ਅਜਿਹੇ ਨਵੇਂ ਕਾਨੂੰਨ ਬਣਾਏ ਗਏ ਹਨ ਜਿਸ ਕਾਰਨ ਅਧਿਆਪਕ ਪ੍ਰਤੀ ਬੱਚਿਆਂ ਦੇ ਦਿਲ ਵਿੱਚ ਇੱਜ਼ਤ ਮਾਣ ਘਟਿਆ ਹੈ,

੩. ਸਕੂਲਾਂ ਵਿਚ ਸਿੱਖਿਆਂ ਦੀਆਂ ਨਵੀਆਂ ਤਕਨੀਕਾਂ ਦੀ ਵੱਡੀ ਕਮੀ ਹੈ,

੪. ਪਾਠਕ੍ਰਮ ਜ਼ਿਆਦਾ ਹੋਣ ਕਾਰਨ ਅਧਿਆਪਕ ਬੱਚੇ ਦੀ ਸਿਰਜਣਾਤਮਕਤਾ ਦਾ ਪੋਸ਼ਣ ਨਹੀਂ ਕਰ ਪਾਉਂਦਾ।

# ਸਿੱਖਿਆ ਵਿੱਚ ਵਾਦ-ਵਿਵਾਦ ਦਾ ਮਹੱਤਵ

ਸਿੱਖਿਆ ਵਿੱਚ ਵਾਦ-ਵਿਵਾਦ ਦੀ ਆਪਣੀ ਮਹੱਤਤਾ ਹੈ ਜਿਵੇਂ ਕਿ ਅਸੀਂ ਉਪਰੋਕਤ ਵਿਆਖਿਆ ਵਿੱਚ ਸਿੱਖਿਆ ਦੇ ਪੱਖ ਅਤੇ ਵਿਪੱਖ ਵਿਚ ਵਿਚਾਰ ਕੀਤੇ ਜਿਸ ਦੌਰਾਨ ਸਿੱਖਿਆ ਦੀਆਂ ਖੂਬੀਆਂ ਦੇ ਨਾਲ-ਨਾਲ ਕੁਝ ਕਮੀਆਂ ਵੀ ਨਜ਼ਰ ਆਈਆਂ ਜਿਵੇਂ ਅਧਿਆਪਕਾਂ ਦੀ ਕਮੀ, ਸਮੱਗਰੀ ਦੀ ਕਮੀ, ਜ਼ਿਆਦਾ ਪਾਠਕ੍ਰਮ ਆਦਿ। ਇਹਨਾਂ ਸਮੱਸਿਆਵਾਂ ਦੇ ਸਾਹਮਣੇ ਆਉਣ ਨਾਲ ਇਹਨਾਂ ਦੂਰ ਕਰਨ ਦੇ ਜਤਨ ਵੀ ਕੀਤੇ ਜਾਣਗੇ ਅਤੇ ਕੀਤੇ ਜਾ ਰਹੇ ਹਨ। ਸੋ ਸਿੱਖਿਆ ਵਿਚ ਵਾਦ-ਵਿਵਾਦ ਇੱਕ ਅਹਿਮ ਰੋਲ ਅਦਾ ਕਰਦਾ ਹੈ।

**ਸਿੱਟਾ :-** ਉਪਰੋਕਤ ਵਿਆਖਿਆ ਵਾਦ-ਵਿਵਾਦ ਦਾ ਮਹੱਤਵ ਬਖੂਬੀ ਬਿਆਨ ਕਰਦੀ ਹੈ। ਸਿੱਖਿਆ ਸਬੰਧੀ ਵਾਦ-ਵਿਵਾਦ ਰਾਹੀਂ ਸਿੱਖਿਆ ਵਿਚ ਬਹੁਤ ਸਾਰੇ ਨਵੇਂ ਸੁਧਾਰ ਲਿਆਏ ਜਾ ਸਕਦੇ ਹਨ। ਇਸ ਰਾਹੀਂ ਸਿੱਖਿਆ ਨੂੰ ਸੁਧਾਰ ਕੇ ਨਵੇਂ ਰਾਹ ਪਾ ਕੇ ਸਿੱਖਿਆ ਦੇ ਉਦੇਸ਼ ਪੂਰੇ ਕੀਤੇ ਜਾ ਸਕਦੇ ਹਨ ਅਤੇ ਸਮਾਜ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕਦਾ ਹੈ।

ਭਾਰਤ

ਦਿੱਲ

ਦੁੱਧ - ਦੁੱਧ

ਦਰਗਾਂ

ਦੇ

ਪੱਠੇ

PAGE NO.
DATE. 11·1

# ਭਾਰਤ ਵਿੱਚ ਵੱਖ-ਵੱਖ ਵਰਗਾਂ ਦੇ ਪੇਸ਼ੇ


**ਭੂਮਿਕਾ :** ਭਾਰਤ ਇੱਕ ਵਿਭਿੰਨਤਾਵਾਂ ਵਾਲਾ ਦੇਸ਼ ਹੈ ਜਿਸ ਵਿੱਚ ਬਹੁਤ ਸਾਰੇ ਵਰਗਾਂ, ਜਾਤਾਂ, ਨਸਲਾਂ, ਧਰਮਾਂ ਅਤੇ ਭਾਸ਼ਾਵਾਂ ਵਾਲੇ ਲੋਕ ਰਹਿੰਦੇ ਹਨ। ਇਸ ਅਸੀਂ (ਆਰਥ-ਸਮਾਜ ਅਤੇ ਵਿਦਿਅਕ ਇਕਾਈ ਦੀ ਉਤਪੱਤੀ ਵੱਲ ਇੱਕ ਝਾਤ ਇਸ ਵਿਸ਼ੇ ਦੁਆਰਾ ਪੇਸ਼ਿਆਂ ਦੀ ਵੱਖ-ਵੱਖ ਪੱਧਰ ਤੇ ਝਲਕਾਂ ਕਰਾਂਗੇ। ਜਿਸ ਵਿੱਚ ਪੇਸ਼ਿਆਂ ਦੀ ਗਰੀਬ ਵਰਗ, ਦੇ ਆਧਾਰ ਮੱਧ ਵਰਗ, ਅਤੇ ਅਮੀਰ ਵਰਗ ਦੇ ਆਧਾਰ ਤੇ ਵਰਗੀਕਰਨ ਸ਼ਾਮਿਲ ਹੈ ਜਿਸ ਵਿੱਚ ਪੇਸ਼ਿਆਂ ਦੇ ਪੱਧਰ ਦੇ ਭਾਵ ਵਰਗੋ ਦੇ ਆਧਾਰ ਤੇ ਉਹਨਾਂ ਦੀ ਜਿਗਤ ਪਛਾਣ, ਮੈਨੇਜਮੈਂਟ, ਨੌਕਰੀਆਂ ਆਦਿ ਤੇ ਪੈਣ ਵਾਲਾ ਪ੍ਰਭਾਵ ਸ਼ਾਮਿਲ ਹੈ। ਭਾਰਤ ਵਿੱਚ ਵੱਖ-ਵੱਖ ਵਰਗਾਂ ਦੇ ਪੇਸ਼ਿਆਂ ਤੇ ਉਹਨਾਂ ਦੇ ਸੱਭਿਆਚਾਰ ਤੇ ਪੈਣ ਵਾਲਾ ਪ੍ਰਭਾਵ ਸ਼ਾਮਿਲ ਹੈ। ਭਾਰਤ ਵਿੱਚ ਵੱਖ-ਵੱਖ ਵਰਗਾਂ ਦੇ ਪੇਸ਼ਿਆਂ ਤੇ ਉਹਨਾਂ ਦੇ ਸੱਭਿਆਚਾਰ ਤੇ ਪੈਣ ਵਾਲਾ ਪ੍ਰਭਾਵ ਹੇਠ ਅਨੁਸਾਰ ਹੈ।

## ਗਰੀਬ ਵਰਗ

ਗਰੀਬ ਵਰਗ ਉਹ ਵਰਗ ਜਿਸ ਦੇ ਔਸਤ ਜੋ ਘੱਟ ਵਿੱਚ ਆਉਣ ਵਾਲੇ ਪੇਸ਼ੇ ਜਾਂ ਵਿਅਕਤੀ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਵੀ ਠੀਕ ਤਰ੍ਹਾਂ ਨਾਲ ਨਹੀਂ ਹੁੰਦੀ ਜਿਵੇਂ ਖਾਣ ਲਈ ਦੋ ਵਕਤ ਦਾ ਭੋਜਨ, ਰਹਿਣ ਲਈ ਮਕਾਨ, ਪਹਿਨਣ ਲਈ ਕੱਪੜੇ ਆਦਿ। ਅਜਿਹੇ ਵਰਗ ਦੇ ਪੇਸ਼ਿਆਂ ਦਾ ਆਲਾ-ਦੁਆਲਾ ਭਾਵ ਰਹਿਣ ਵਾਲੀ ਜਗ੍ਹਾ, ਆਲੇ-ਦੁਆਲੇ, ਆਂਢ-ਗੁਆਂਢ, ਖਾਣ-ਪੀਣ ਆਦਿ ਬਹੁਤ ਹੀ ਮਾੜੇ ਪੱਧਰ ਦਾ ਹੁੰਦਾ ਹੈ ਜਿਸ



ਧੀਆਂ ਦੁਆਰਾ ਚੋਣ - ਅਜ਼ਾਦੀ



ਕਾਰਨ ਇਹ ਬੱਚੇ ਬਹੁਤ ਹੀ ਮੁਸੀਬਤਾਂ ਦਾ ਸਾਹਮਣਾ ਕਰਦੇ ਹਨ ਅਤੇ ਕਈ ਵਾਰ ਗਲਤ ਆਦਤਾਂ ਅਤੇ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਗਰੀਬੀ ਦੇ ਬੱਚਿਆਂ ਤੇ ਪੈਣ ਵਾਲਾ ਪ੍ਰਭਾਵ ਹੇਠਾਂ ਅਨੁਸਾਰ ਹੈ :-

* **ਮੁੱਢਲੀਆਂ ਲੋੜਾਂ ਦੀ ਪੂਰਤੀ ਨਾ ਹੋਣਾ :-** ਗਰੀਬ ਵਰਗ ਦੇ ਬੱਚਿਆਂ ਦੀ ਮੁੱਢਲੀਆਂ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ ਆਦਿ ਦੀ ਪੂਰਤੀ ਨਹੀਂ ਹੁੰਦੀ ਜਿਸ ਕਾਰਨ ਉਹਨਾਂ ਦਾ ਵਾਧਾ ਅਤੇ ਵਿਕਾਸ ਚੰਗੀ ਤਰੀਕੇ ਨਾਲ ਨਹੀਂ ਹੁੰਦਾ।

* **ਆਰਥਿਕ ਪੱਖੋਂ ਕਮਜ਼ੋਰ :-** ਬੱਚਿਆਂ ਦਾ ਆਰਥਿਕ ਪੱਖ ਬਹੁਤ ਨਿਮਨ ਹੁੰਦਾ ਹੈ ਜਿਸ ਕਾਰਨ ਉਹਨਾਂ ਦੇ ਮਾਤਾ-ਪਿਤਾ ਉਹਨਾਂ ਨੂੰ ਸੰਪੂਰਨ ਸਹੂਲਤਾਂ ਮੁਹੱਈਆ ਨਹੀਂ ਕਰਵਾ ਪਾਉਂਦੇ ਅਜਿਹੇ ਬੱਚੇ ਆਰਥਿਕ ਕਮਜ਼ੋਰੀ ਕਾਰਨ ਸਰੀਰਕ ਤੌਰ ਤੇ ਵੀ ਕਮਜ਼ੋਰ ਹੋ ਜਾਂਦੇ ਹਨ।

* **ਬੱਚਿਆਂ ਦੁਆਰਾ ਬਾਲ-ਮਜ਼ਦੂਰੀ :-** ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਬੱਚੇ ਛੋਟੀ ਉਮਰ ਵਿਚ ਹੀ ਪਰਿਵਾਰ ਦੀ ਸਹਾਇਤਾ ਲਈ ਕੰਮ ਕਰਦੇ ਹਨ ਜਿਸ ਕਾਰਨ ਉਹ ਪੜ੍ਹਾਈ ਅਤੇ ਸਰੀਰਿਕ ਪੱਖ ਤੋਂ ਕਮਜ਼ੋਰ ਹੋ ਜਾਂਦੇ ਹਨ।

* **ਬਿਮਾਰੀਆਂ ਵਿੱਚ ਵਾਧਾ :-** ਅਜਿਹੇ ਵਰਗ ਜਿਆਦਾਤਰ ਝੁੱਗੀਆਂ-ਝੋਪੜੀਆਂ ਵਿਚ ਰਹਿੰਦੇ ਹਨ ਜਿਸ ਕਾਰਨ ਉਹਨਾਂ ਦੇ ਆਲੇ-ਦੁਆਲੇ ਵਿਚ ਵੀ ਬਹੁਤ ਗੰਦਗੀ ਹੁੰਦੀ ਹੈ ਜਿਸ ਕਾਰਨ ਉਹਨਾਂ ਦੀਆਂ ਬਿਮਾਰੀਆਂ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਅਜਿਹੇ ਵਰਗਾਂ ਦੇ ਬੱਚਿਆਂ ਦੀ ਮੌਤ ਦਰ ਵੀ ਜਿਆਦਾ ਹੁੰਦੀ ਹੈ।



~~ਸਾਧਾਰਨ~~ ਆਮਦਨ → ਜਿਸ ਵਿੱਚ ਲੋਕ ਆਪਣੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਦੇ ਹਨ ।

**ਬਾਲ - ਅਪਰਾਧ :-** ਅਜਿਹੇ ਵਰਗਾਂ ਦੇ ਬੱਚੇ ਆਰਥਿਕ ਤੰਗੀ ਤੋਂ ਪਰੇਸ਼ਾਨ ਹੁੰਦੇ ਹਨ ਜਿਸ ਕਾਰਨ ਉਹ ਮਾਨਸਿਕ (ਅਪਣਾ ਲੈਂਦੇ) ਬਿਮਾਰੀਆਂ ਅਤੇ ਕਈ ਬਾਲ ਅਪਰਾਧਾਂ ਦਾ ਰਸਤਾ ਅਪਣਾ ਲੈਂਦੇ ਹਨ ਜਿਵੇਂ ਚੋਰੀ ਕਰਨਾ, ਇੱਥੇ ਤੱਕ ਕਿ ਇਹ ਬੱਚੇ ਕਤਲ ਜਿਹੇ ਅਪਰਾਧਾਂ ਨੂੰ ਵੀ ਅੰਜਾਮ ਦਿੰਦੇ ਹਨ।

ਉਪਰੋਕਤ ਵਿਆਖਿਆ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਗਰੀਬ ਵਰਗ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਦਾ ਹੈ ਜਿਸਦਾ ਪ੍ਰਭਾਵ ਇਸ ਵਰਗ ਦੇ ਬੱਚਿਆਂ ਵਿਚ ਵੀ ਸਪੱਸ਼ਟ ਦਿਖਾਈ ਦਿੰਦਾ ਹੈ। ਇਸ ਤੋਂ ਇਲਾਵਾ ਅਜਿਹੇ ਬੱਚਿਆਂ ਦਾ ਬਚਪਨ ਵੀ ਮੁਸੀਬਤਾਂ ਨਾਲ ਭਰਿਆ ਹੁੰਦਾ ਹੈ ਅਤੇ ਬੱਚਿਆਂ ਵਿਚ ਅਨਪੜ੍ਹਤਾ, ਨਸ਼ੇ, ਬਾਲ ਅਪਰਾਧ ਆਦਿ ਗ਼ਲਤ ਅਤੇ ਮਾੜੀਆਂ ਆਦਤਾਂ ਵੀ ਵਿਕਸਿਤ ਹੁੰਦੀਆਂ ਹਨ।

## ਮੱਧ ਵਰਗ

ਮੱਧ ਵਰਗ ਅਜਿਹਾ ਵਰਗ ਹੈ ਜੋ ਨਾ ਤਾਂ ਬਹੁਤ ਜ਼ਿਆਦਾ ਅਮੀਰ ਹੁੰਦਾ ਹੈ ਅਤੇ ਨਾ ਹੀ ਬਹੁਤ ਜ਼ਿਆਦਾ ਗਰੀਬ। ਭਾਰਤ ਵਿਚ ਕੁੱਲ ਜਨਸੰਖਿਆ ਦਾ 15% ਹਿੱਸਾ ਮੱਧ ਵਰਗ ਵਿਚ ਆਉਂਦਾ ਹੈ। ਇਹਨਾਂ ਨੂੰ ਅੱਗੇ ਉੱਚ ਮੱਧ ਵਰਗ, ਮੱਧ ਵਰਗ ਅਤੇ ਨਿਮਨ ਮੱਧ ਵਰਗ ਵਿਚ ਵੰਡਿਆ ਜਾਂਦਾ ਹੈ। ਸੁਵਿਧਾਵਾਂ ਵਾਲੇ ਡਾਕਟਰ ਇੰਜੀਨੀਅਰ ਆਦਿ ਸਭ ਸੀਮਿਤ ਸਾਧਨਾਂ ਵਾਲੇ ਲੋਕ ਮੱਧ ਵਰਗ ਵਿਚ ਆਉਂਦੇ ਹਨ।

**ਸਾਧਾਰਨ ਆਰਥਿਕ :-** ਮੱਧ ਵਰਗ ਦੇ ਲੋਕਾਂ ਦਾ ਆਰਥਿਕ ਪੱਧਰ ਸਾਧਾਰਨ ਹੁੰਦਾ ਹੈ ਭਾਵ ਕਿ ਇਹ ਲੋਕ ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨ ਦੇ ਯੋਗ ਹੁੰਦੇ ਹਨ ਅਤੇ ਇਸ ਵਰਗ ਦੇ ਬੱਚੇ ਵੀ ਚੰਗੀ ਸਿੱਖਿਆ ਅਤੇ ਸਿਹਤ ਪ੍ਰਾਪਤ ਕਰਦੇ ਹਨ।



ਮੌਜ ਟੋਲੀ

**ਬੱਚਿਆਂ ਦੀ ਸਿੱਖਿਆ :-** ਮੱਧ ਵਰਗ ਦੇ ਬੱਚੇ ਗਰੀਬ ਵਰਗ ਦੇ ਬੱਚਿਆਂ ਦੇ ਨਾਲੋਂ ਚੰਗੀ ਸਿੱਖਿਆ ਪ੍ਰਾਪਤ ਕਰਦੇ ਹਨ ਜਿਸ ਨਾਲ ਉਨ੍ਹਾਂ ਦਾ ਚੰਗਾ ਸਮਾਜਿਕ ਵਿਕਾਸ ਹੁੰਦਾ ਹੈ।

ਮੱਧ ਵਰਗ ਦੇ ਬੱਚੇ ਗਰੀਬ ਵਰਗ ਦੇ ਬੱਚਿਆਂ ਦੀ ਤੁਲਨਾ ਵਿਚ ਉਨ੍ਹਾਂ ਨਾਲੋਂ ਜ਼ਿਆਦਾ ਸਹੂਲਤਾਂ ਪ੍ਰਾਪਤ ਕਰਦੇ ਹਨ। ਇਸ ਵਰਗ ਦੇ ਬੱਚੇ ਆਪਣੀ ਪੜ੍ਹਾਈ, ਮਨੋਰੰਜਨ, ਸਿਹਤ, ਵਾਤਾਵਰਣ ਪੱਖੋਂ ਗਰੀਬ ਬੱਚਿਆਂ ਤੋਂ ਵਧੇਰੇ ਚੰਗਾ ਪ੍ਰਾਪਤ ਕਰਦੇ ਹਨ ਕਿਉਂਕਿ ਇਸ ਵਰਗ ਦੀ ਸਥਿਤੀ ਕਾਫ਼ੀ ਚੰਗੀ ਹੁੰਦੀ ਹੈ।

## ਅਮੀਰ ਵਰਗ

ਇਸ ਵਰਗ ਨੂੰ ਧਨੀ ਜਾਂ ਪੂੰਜੀਪਤੀ ਵਰਗ ਵੀ ਕਿਹਾ ਜਾਂਦਾ ਹੈ। ਇਸ ਵਰਗ ਅਧੀਨ ਆਉਣ ਵਾਲੇ ਵਿਅਕਤੀਆਂ ਦੀ ਆਰਥਿਕ ਸਥਿਤੀ ਬਹੁਤ ਮਜ਼ਬੂਤ ਹੁੰਦੀ ਹੈ ਜਿਸ ਕਾਰਨ ਇਸ ਵਰਗ ਦੇ ਬੱਚਿਆਂ ਦਾ ਪਾਲਣ ਪੋਸ਼ਣ ਬੜੇ ਹੀ ਚੰਗੇ ਢੰਗ ਨਾਲ ਹੁੰਦਾ ਹੈ ਅਤੇ ਇਨ੍ਹਾਂ ਬੱਚਿਆਂ ਦੀ ਹਰ ਜ਼ਰੂਰਤ ਦੀ ਪੂਰਤੀ ਕੀਤੀ ਜਾਂਦੀ ਹੈ। ਅਮੀਰ ਵਰਗ ਦੇ ਬੱਚਿਆਂ ਦਾ ਜੀਵਨ ਜਾਂ ਪਾਲਣ-ਪੋਸ਼ਣ ਹੇਠ ਅਨੁਸਾਰ ਹੁੰਦਾ ਹੈ :-

* **ਚੰਗਾ ਅਤੇ ਪੌਸ਼ਟਿਕ ਭੋਜਨ :-** ਅਮੀਰ ਵਰਗਾਂ ਦੇ ਬੱਚਿਆਂ ਦੀ ਸਰੀਰਕ ਸਿਹਤ ਚੰਗੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੂੰ ਚੰਗਾ ਅਤੇ ਪੌਸ਼ਟਿਕ ਭੋਜਨ ਮੁਹੱਈਆ ਕਰਵਾਇਆ ਜਾਂਦਾ ਹੈ ਜੋ ਬੱਚਿਆਂ ਦੀ ਚੰਗੀ ਸਿਹਤ ਲਈ ਲੋੜੀਂਦਾ ਹੁੰਦਾ ਹੈ।



ਚੰਗਾ ਰਹਿਣ ਸਹਿਣ



ਅਮੀਰ ਵਰਗ

**ਜ਼ਰੂਰਤਾਂ ਦੀ ਪੂਰਤੀ :-** ਅਮੀਰ ਵਰਗ ਦੇ ਬੱਚਿਆਂ ਦੇ ਮਾਤਾ-ਪਿਤਾ ਉਹਨਾਂ ਦੀ ਹਰ ਜ਼ਰੂਰਤ ਪੂਰੀ ਕਰਦੇ ਹਨ ਭਾਵੇਂ ਫਿਰ ਉਹ ਖਾਣ-ਪੀਣ ਸੰਬੰਧੀ ਹੋਵੇ ਆਉਣ - ਜਾਣ ਸੰਬੰਧੀ ਜਾਂ ਪਹਿਨਣ ਸੰਬੰਧੀ।

**ਸਿੱਖਿਆ :-** ਅਮੀਰ ਵਰਗ ਦੇ ਬੱਚੇ ਸ਼ੁਰੂ ਤੋਂ ਹੀ ਚੰਗੇ ਸਕੂਲਾਂ ਵਿਚ ਪੜ੍ਹਨ ਲਈ ਭੇਜੇ ਜਾਂਦੇ ਹਨ ਜਿੱਥੇ ਉਹ ਦੂਸਰੇ ਵਰਗਾਂ ਦੇ ਬੱਚਿਆਂ ਤੋਂ ਵਧੀਆ ਸਿੱਖਿਆ ਪ੍ਰਾਪਤ ਕਰਦੇ ਹਨ। ਇਸ ਵਰਗ ਦੇ ਬੱਚੇ ਚੰਗੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਤੋਂ ਆਪਣੀਆਂ ਡਿਗਰੀਆਂ ਪ੍ਰਾਪਤ ਕਰਦੇ ਹਨ।

## ਸਿੱਟਾ

ਉਪਰੋਕਤ ਵਿਆਖਿਆ ਵਿਚ ਅਸੀਂ ਵੱਖ-ਵੱਖ ਵਰਗਾਂ ਦੇ ਬੱਚਿਆਂ ਨੂੰ ਅਧਿਐਨ ਕੀਤਾ ਅਤੇ ਉਹਨਾਂ ਦੇ ਰਹਿਣ - ਸਹਿਣ, ਸਿੱਖਿਆ ਤੇ ਜੀਵਨ ਜਾਂਚ ਬਾਰੇ ਪੜ੍ਹਿਆ। ਗਰੀਬ ਵਰਗ ਦੇ ਬੱਚੇ ਆਪਣੀ ਜ਼ਿੰਦਗੀ ਵਿਚ ਸਭ ਤੋਂ ਜ਼ਿਆਦਾ ਮੁਸ਼ਕਿਲਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ ਭਾਵੇਂ ਫਿਰ ਉਹ ਜ਼ਿੰਦਗੀ ਦੇ ਕਿਸੇ ਵੀ ਪੱਖ ਨਾਲ ਸਬੰਧਿਤ ਕਿਉਂ ਨਾ ਹੋਵੇ। ਮੱਧ ਵਰਗ ਦੇ ਅਤੇ ਅਮੀਰ ਵਰਗ ਦੇ ਬੱਚੇ ਆਪਣੀ ਚੰਗੀ ਜ਼ਿੰਦਗੀ ਅਤੇ ਬਚਪਨ ਬਿਤਾਉਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਗਰੀਬ ਵਰਗ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣ ਤਾਂ ਕਿ ਗਰੀਬ ਵਰਗ ਵੀ ਦੂਸਰੇ ਵਰਗਾਂ ਦੇ ਬਰਾਬਰ ਆ ਸਕਣ।

X —— X

Notes

Date

# ਰਿਨ ਸੈਕਿਟਦ

## ਅਧਤੈ

Designer Sheets

XIDER

# ਰਿਫਲੈਕਟਿਵ ਜਰਨਲ

**Introduction :-** ਖੁਦ ਦੇ ਵਿਚਾਰਾਂ ਅਤੇ ਚਿੰਤਨ ਦੀ ਪ੍ਰਕਿਰਿਆ ਉਨ੍ਹਾਂ ਵਿਦਿਆਰਥੀਆਂ ਲਈ ਵਿਸ਼ੇਸ਼ ਰੂਪ ਨਾਲ ਮਹੱਤਵਪੂਰਣ ਹੁੰਦੀ ਹੈ ਜੋ ਨਵੀਆਂ ਪਾਠਸ਼ਾਲਾਵਾਂ ਨੂੰ ਅਜੇ ਸਿੱਖ ਰਹੇ ਹੁੰਦੇ ਹਨ। ਵਿਚਾਰਸ਼ੀਲ ਪੱਤ੍ਰਿਕਾ ਜਾਂ ਰਿਫਲੈਕਟਿਵ ਜਰਨਲ ਤੋਂ ਭਾਵ ਹੈ ਉਹ ਡਾਇਰੀ ਜਾਂ ਕਾਗਜ਼ ਦਾ ਟੁਕੜਾ ਜਿਸ ਦੀ ਵਰਤੋਂ ਵਿਅਕਤੀ ਆਪਣੇ ਖੁਦ ਦੇ ਵਿਚਾਰਾਂ ਨੂੰ ਲਿਖਣ ਲਈ ਕਰਦਾ ਹੈ। ਇਸ ਪੱਤ੍ਰਿਕਾ ਰਾਹੀਂ ਪਾਠਕ ਜਾਂ ਵਿਅਕਤੀ ਖੁਦ ਦਾ ਮੁਲਾਂਕਣ ਕਰਦੇ ਹਨ ਅਤੇ ਇਹ ਜਾਣਨ ਵਿਚ ਸਮਰੱਥ ਹੋ ਜਾਂਦੇ ਹਨ ਕਿ ਉਹ ਕੀ-ਕੀ ਜਾਣਦੇ ਹਨ।


Reflective journals are note-books or pieces of papers that students use when writing about the Reflecting on their own thoughts. ਮੈਂ ਲਾਲਾ ਜਗਤ ਨਰਾਇਣ ਕਾਲਜ ਜਲਾਲਾਬਾਦ ਵਿਚ ਬੀ. ਐ. ਡੀ ਸੈਸ਼ਨ 2023-25 ਦੀ ਵਿਦਿਆਰਥਣ ਹਾਂ। ਹੁਣ ਤੱਕ ਮੇਰਾ ਕਾਲਜ ਵਿਚ ਡੇਢ ਦ ਸਾਲ ਬੀਤ ਗਿਆ। ਇਸ ਸਮੇਂ ਦੌਰਾਨ ਮੇਰੀ ਸਮਾਜਿਕ ਵਿਵਹਾਰ ਅਤੇ ਜੀਵਨ ਸ਼ੈਲੀ ਵਿਚ ਬਹੁਤ ਬਦਲਾਅ ਆਏ ਹਨ। ਸਮੇਂ ਨਾਲ-ਨਾਲ ਮੈਂ ਇਸ ਕੋਰਸ ਵਿਚ ਬਹੁਤ ਕੁਝ ਸਿੱਖਿਆ ਅਤੇ ਜਿਸ ਨੇ ਮੇਰੀ ਜ਼ਿੰਦਗੀ ਵਿਚ ਬਹੁਤ ਸਾਰੇ ਪਰਿਵਰਤਨ ਲੈ ਕੇ ਆਏ।



ਚੰਗਾ ਅਧਿਆਪਕ ਬਣਨ ਦਾ

# ਜੀਵਨ ਸੰਘਤੀ

ਆਪਣੇ ਸਕੂਲ ਦੇ ਤੇਰਾਂ ਕੁ ਸਾਲ ਦੇ ਸਮੇਂ ਵਿਚ ਮੇਰੀ ਜ਼ਿੰਦਗੀ ਵਿਚ ਅਨੇਕਾਂ ਪਰਿਵਰਤਨ ਆਏ। ਮੈਂ ਆਪਣੀ ਜ਼ਿੰਦਗੀ ਦੀ ਪੜ੍ਹਾਈ ਤੋਂ ਬਾਅਦ ਈ.ਟੀ.ਟੀ. ਦੀ ਸ਼ੁਰੂਆਤ ਕੀਤੀ। ਪਰੰਤੂ ਜ਼ਿੰਦਗੀ ਦਾ ਵਿਅਕਤ ਪੇਪਰਾਂ ਤੋਂ 3-4 ਮਹੀਨੇ ਬਾਅਦ ਆਇਆ। ਇਸ ਸਮੇਂ ਦੌਰਾਨ ਮੈਂ ਘਰ ਵਿਚ ਹੀ ਸੀ ਜਿਸ ਕਰਕੇ ਮੇਰਾ ਪੜ੍ਹਾਈ ਤੋਂ ਮਨ ਹਟਿਆ। ਪਰ ਈ.ਟੀ.ਟੀ. ਦੀ ਸ਼ੁਰੂਆਤ ਨਾਲ ਹੀ ਮੈਨੂੰ ਮੇਰਾ ਅਧਿਆਪਕ ਬਣਨ ਦਾ ਸੁਪਨਾ ਪੂਰਾ ਕਰਨ ਲਈ ਇਕ ਚੰਗਾ ਰਸਤਾ ਮਿਲਿਆ ਜਿਸ ਦੀ ਮੈਂ ਪੂਰੇ ਮਨ ਤੇ ਹਿੰਮਤ ਨਾਲ ਸ਼ੁਰੂਆਤ ਕੀਤੀ। ਸਕੂਲ ਦੇ ਸਾਰੇ ਅਧਿਆਪਕ ਜੋ ਸਾਨੂੰ ਪੜ੍ਹਾਈ ਕਰਵਾਉਂਦੇ ਸਨ ਉਨ੍ਹਾਂ ਨੇ ਮੇਰੀ ਬਹੁਤ ਸਹਾਇਤਾ ਕੀਤੀ ਅਤੇ ਮੈਨੂੰ ਹਮੇਸ਼ਾ ਪ੍ਰੇਰਿਤ ਕੀਤਾ ਤਾਂ ਕਿ ਮੈਂ ਆਪਣੇ ਟੀਚੇ ਨੂੰ ਪੂਰਾ ਕਰ ਸਕਾਂ ਅਤੇ ਇੱਕ ਚੰਗੀ ਅਧਿਆਪਕ ਬਣ ਸਕਾਂ। ਇਸ ਲਈ ਸਾਨੂੰ ਮਨੋਵਿਗਿਆਨਿਕ ਵਿਸ਼ੇ ਪੜ੍ਹਾਏ ਗਏ ਤਾਂ ਕਿ ਅਸੀਂ ਬੱਚਿਆਂ ਨੂੰ ਚੰਗੀ ਤਰ੍ਹਾਂ ਸਮਝ ਸਕੀਏ। ਇਸ ਤੋਂ ਇਲਾਵਾ ਸਾਨੂੰ ਬਹੁਤ ਸਾਰੀ ਅਧਿਆਪਨ ਦੀਆਂ ਨਵੀਆਂ ਤਕਨੀਕਾਂ ਸਮਝਾਈਆਂ ਗਈਆਂ ਅਧਿਆਪਕ ਅਤੇ ਆਪਣੀ ਮਿਹਨਤ ਨਾਲ ਮੈਂ ਅਧਿਆਪਨ ਦੇ ਬਹੁਤ ਸਾਰੇ ਤਜਰਬੇ ਹਾਸਲ ਕੀਤੇ ਤਾਂ ਕਿ ਭਵਿੱਖ ਵਿਚ ਇੱਕ ਚੰਗੀ ਅਧਿਆਪਕ ਬਣ ਸਕਾਂ।




ਨਵੰਬਰ
੭ ੨੦17
ਵਿੱਚ
ਨੋਟਬੰਦੀ



ਫਰਵਰੀ
੨੦17 ਵਿੱਚ
ਇਲੈਕ
ਜਿਸ ਵਿੱਚ ਕਾਂਗ
ਪਾਰਟੀ ਸੱਤਾ ਮੈਂ



ਭਾਰਤ, ਪਾਕਿਸਤਾ
ਦੇ ਸਬੰਧਾਂ ਵਿੱਚ
ਤਣਾਅ

DATE. / /

# ਸਮਾਜਿਕ ਸੁਰਖੀ

ਅਸੀਂ ਸਾਰੇ ਸਮਾਜ ਵਿਚ ਰਹਿੰਦੇ ਹਾਂ। ਇਸ ਵਿਚ ਸਮੇਂ-ਸਮੇਂ ਤੇ ਪਰਿਵਰਤਨ ਆਉਂਦੇ ਰਹਿੰਦੇ ਹਨ। ਪਰਿਵਰਤਨ ਕੁਦਰਤ ਦਾ ਨਿਯਮ ਹੈ। ਸਾਡੇ ਆਲੇ-ਦੁਆਲੇ ਜਾਂ ~~ਸਮਾਜ~~ ਵਿਚ ਕਈ ਤਰ੍ਹਾਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ, ਸੈਨਿਕ, ਧਾਰਮਿਕ ਪਰਿਵਰਤਨ ਅਕਸਰ ਹੀ ਵਿਖੀਆਂ ਦੇਖਣ ਆਉਂਦੇ ਰਹਿੰਦੇ ਹਨ, ਜਿਵੇਂ ਪਿੱਛੇ ਜਿਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਦਾ ਮੁੱਦਾ ਸਾਹਮਣੇ ਆਇਆ, ਜਿਸ ਕਾਰਨ ਪੂਰੇ ਸਾਰੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਸਮਾਜਿਕ ਉਥਲ-ਪੁਥਲ ਹੋਈ। ਦੂਸਰੇ ਪਾਸੇ ਜੇਕਰ ਸੈਨਿਕ ਸੁਰਖੀ ਦੀ ਗੱਲ ਕਰੀਏ ਤਾਂ ਭਾਰਤੀ ਸੈਨਿਕਾਂ ਨੇ ਅੱਤਵਾਦ ਦੇ ਖਿਲਾਫ ਕਦਮ ਚੁੱਕੇ ਤੇ ਪੰਜਾਬ ਦੇ ਗੁਰਦਾਸਪੁਰ-ਪਠਾਨਕੋਟ ਬਾਰਡਰ ਉੱਤੇ ਸਰਜੀਕਲ ਸਟ੍ਰਾਈਕ ਹੋਈ ਜਿਸ ਕਾਰਨ ਭਾਰਤ-ਪਾਕਿਸਤਾਨ ਸਬੰਧਾਂ ਵਿਚ ਤਣਾਅ ਵਧਿਆ। ਜੇਕਰ ਆਰਥਿਕ ਸੁਰਖੀ ਦੀ ਗੱਲ ਕਰੀਏ ਤਾਂ ਨਵੰਬਰ 2017 ਵਿਚ ਨੋਟਬੰਦੀ ਕਰਕੇ ਨਵੀਂ ਕਰੰਸੀ ਜਾਰੀ ਕੀਤੀ ਗਈ ਜਿਸ ਨਾਲ ~~ਕਾਲੇ~~ ਧਨ ਦਾ ਪਰਦਾਫਾਸ਼ ਹੋਇਆ ਹੈ। ਇੱਕ ਦੇਸ਼ ਇੱਕ ਕਰ, ਨੀਤੀ ਦੇ ਤਹਿਤ ਜੀ. ਐਸ. ਟੀ ਲਾਗੂ ਕੀਤਾ ਗਿਆ ਤਾਂ ਕਿ ਦੇਸ਼ ਵਿਚ ਵਿਕਾਸਤਾ ਆਵੇ ਤੇ ਆਰਥਿਕ ਸਥਿਤੀ ਮਜ਼ਬੂਤ ਹੋਵੇ। ਰਾਜਨੀਤਿਕ ਪੱਖੋਂ ਫਰਵਰੀ 2017 ਵਿਚ ਪੰਜਾਬ ਵਿਧਾਨ ਸਭਾ ਦਾ ਇਲੈਕਸ਼ਨ ਹੋਇਆ। ਜਿਸ ਵਿਚ ਅਕਾਲੀ ਦਲ ਤੋਂ ਬਾਅਦ ਕਾਂਗਰਸ ਪਾਰਟੀ ਸੱਤਾ ਵਿਚ ਆਈ।



ਪ 5ਲ,
ਕਲਾਸ
ਦੀ



E.T.T ਅਧਿਆ
5994 ਅਧਿਆ
ਨੂੰ ਨਿਯੁਕਤੀ
ਪਰਮ ਤ ਤਮਵੰ
ਵੱਲੋਂ

# ਵਿਚਾਰ ਮੁੱਦੇ

ਜਿਵੇਂ ਕਿ ਅਸੀਂ ਪਹਿਲਾ ਹੀ ਗੱਲ ਕਰ ਚੁੱਕੇ ਹਾਂ ਕਿ ਪਰਿਵਰਤਨ ਇਕ ਕੁਦਰਤੀ ਨਿਯਮ ਹੈ। ਸਾਡੇ ਸਮਾਜਿਕ, ਆਰਥਿਕ, ਧਾਰਮਿਕ ਖੇਤਰ ਵਿਚ ਪਰਿਵਰਤਨ ਆਉਂਦੇ ਹੀ ਰਹਿੰਦੇ ਹਨ ਅਤੇ ਕੇਵਲ ਪਿਛਲੇ ਦੋ ਸਾਲ ਵਿਚ ਆ ਵਿਚਾਰ ਪਰਿਵਰਤਨਾਂ ਦੀ ਗੱਲ ਕਰੀਏ ਤਾਂ ਪ੍ਰੀਖਿਆਵਾਂ ਅਤੇ ਔਨਲਾਈਨ ਕਲਾਸ ਖੇਤਰ ਦੀ ਹੋ ਗਈ ਹੈ। ਜੋ ਬੱਚਿਆਂ ਦੀ ਸਿੱਖਿਆ ਦਾ ਪੱਧਰ ਅਤੇ ਸਿੱਖਿਆ ਵਿਚ ਗੁਣਾਤਮਕ ਪੱਧਰ ਵਧਾਉਣ ਲਈ ਇਕ ਚੰਗਾ ਕਦਮ ਹੈ। ਬੀ.ਐੱਡ. ਦਾ ਕੋਰਸ ਜੋ ਪਹਿਲਾਂ ਇਕ ਸਾਲ ਦਾ ਸੀ ਹੁਣ ਦੋ ਸਾਲ ਦਾ ਕਰ ਦਿੱਤਾ ਗਿਆ। E.T.T ਅਧਿਆਪਕਾਂ ਦੀ ~~[illegible]~~ ਪੋਸਟਾਂ ਤੇ ਭਰਤੀ ਕੀਤੀ ਗਈ। ਪ੍ਰਾਇਮਰੀ ਪੱਧਰ ਤੇ ਬੱਚਿਆਂ (5994) ਨੂੰ ਇੰਗਲਿਸ਼ ਵਿਸ਼ਾ ਸਿਖਾਉਣ ਤੇ ਜ਼ੋਰ ਦਿੱਤਾ ਗਿਆ।

PSTET (Punjab State teacher eligibilities test) ਜੋ December Month Sunday ਲੈਣ ਦਾ ਫੈਸਲਾ। ਬੱਚਿਆਂ ਦੇ ਪਾਠਕ੍ਰਮ ਵਿਚ ਸਹਿ ਵਿਦਿਅਕ ਕਿਰਿਆਵਾਂ ਜੋੜੀਆਂ ਗਈਆਂ।

**Concluison :-** ਪਿਛਲੇ ਦੋ ਸਾਲਾਂ ਵਿਚ ਆਏ ਕੁਲ ਮਹੱਤਵਪੂਰਨ ਪਰਿਵਰਤਨ ਅਸੀਂ ਜਾਣੇ। ਜਿਨ੍ਹਾਂ ਦਾ ਪ੍ਰਭਾਵ ਹਰ ਆਮ ਅਤੇ ਖਾਸ ਵਿਅਕਤੀ ਤੇ ਪਿਆ। ਜਿੰਦਗੀ ਦਾ ਇਕ ਹੋਰ ਰੂਪ ਨਵੇਂ ਪਰਿਵਰਤਨ ਹਨ ਜੋ ਸਮਾਜ ਦੇ ਵਿਕਾਸ ਲਈ ਜ਼ਰੂਰੀ ਹਨ।

ਛੈ - ਛੈ ਮਹੀਨਿਆਂ

ਦੋ - ਵਕਦੇ ਵੈਰਾਨ

ਵਿੱਖਿਆਰ ਉਤਪੱਤੀ

ਅਤੇ ਟੀਚਿਆਂ ਦਾ

ਵਿਕਾਸ

# ਛੇ-ਛੇ ਮਹੀਨਿਆਂ ਦੇ ਵਕਫ਼ੇ ਦੌਰਾਨ ਵਿੱਦਿਅਕ ਉਤਪੱਤੀ ਅਤੇ ਟੀਚਿਆਂ ਦਾ ਵਿਕਾਸ

**ਜਾਣ-ਪਛਾਣ :-** ਮੇਰਾ ਨਾਮ ਮਨਪ੍ਰੀਤ ਕੌਰ ਹੈ। ਮੈਂ ਬਾਬਾ ਭਗਤ ~~ਨਰਾਇਣ~~ ਕਾਲਜ ਸਲਾਬਤਪੁਰ ਵਿਚ ਬੀ. ਐ. ਡੀ. ਸੈਸ਼ਨ 2023-25 ਦੀ ਵਿਦਿਆਰਥਣ ਹਾਂ। ਇਸ ਕੋਰਸ ਦੇ ਦੂਜੇ ਸਾਲ ਦੇ ਪਾਠਕ੍ਰਮ ਵਿਚ ਹੋਰਨਾਂ ਵਿਸ਼ਿਆਂ ਨਾਲ 'ਆਤਮ-ਸਮਝ ਅਤੇ ਵਿੱਦਿਅਕ ਉਤਪੱਤੀ ਵਾਲਾ' ਵਿਸ਼ਾ ਜੋੜਿਆ ਗਿਆ ਹੈ। ਜਿਸਦਾ ਅਧਿਆਪਨ ਸਾਨੂੰ ਸ੍ਰੀਮਤੀ ਆਰਤੀ ਰਘੂਰ ਜੀ ਵਲੋਂ ਕਰਵਾਇਆ ਜਾਂਦਾ ਹੈ। ਇਸ ਵਿਸ਼ੇ ਦੇ ਅੰਤਰਗਤ ਕਈ ਉਪ-ਵਿਸ਼ੇ ਹਨ ਜਿਨ੍ਹਾਂ ਵਿਚੋਂ ਸਾਨੂੰ ਕਈ ਪ੍ਰੋਜੈਕਟ ਦਿੱਤੇ ਗਏ ਹਨ ਅਤੇ ਇਨ੍ਹਾਂ ਵਿਚੋਂ ਹੀ ਇੱਕ ਪ੍ਰੋਜੈਕਟ ਹੈ ਆਪਣੇ ਬੀ. ਐ. ਡੀ ਕੋਰਸ ਸਬੰਧੀ ਹਰ ਛੇ ਮਹੀਨਿਆਂ ਦੇ ਵਕਫ਼ੇ ਦੌਰਾਨ। ਸੰਬੰਧੀ ਟੀਚੇ ਅਤੇ ਉਦੇਸ਼ਾਂ ਦੀ ਨਿਸ਼ਚਿਤਤਾ ਸਬੰਧੀ ਵਿਸਥਾਰ ਪੂਰਵਕ ਰਿਪੋਰਟ ਤਿਆਰ ਕਰਨਾ। ਜਿਸ ਸਬੰਧੀ ਜਾਣਕਾਰੀ ਹੇਠ ਅਨੁਸਾਰ ਹੈ।

## ਮਈ 2024 ਤੋਂ ਨਵੰਬਰ 2024

ਆਪਣੀ ਬੀ. ਐ. ਡੀ ਦੇ ਦਾਖਲੇ ਤੋਂ ਬਾਅਦ 25-ਮਈ 2024 ਨੂੰ ਅਸੀਂ ਪਹਿਲੇ ਦਿਨ ਕਾਲਜ ਗਏ। 21 ਮਈ 2024 ਨੂੰ ਸਾਡੀਆਂ ਕਲਾਸਾਂ ਦੀ ਸ਼ੁਰੂਆਤ ਹੋ ਗਈ ਜਦੋਂ ਅਸੀਂ ਵਿਦਿ. ਤੋਂ ਵਿਦਿ.? ਅਧਿਆਪਕ ਦੇ ਰੂਪ ਵਿਚ ਕਾਲਜ ਵਿਚ ਵਿਚਰੇ। ਇਹ ਮੇਰੇ ਅਧਿਆਪਕ ਬਣਨ ਲਈ ਸੁਪਨੇ ਨੂੰ ਪੂਰਾ ਕਰਨ ਲਈ ਚੰਗੀ



↳ 24-06-2024 ਤੇ ਇੰਡਕਸ਼ਨ Diet

ਸ਼ੁਰੂਆਤ ਸੀ। ਸਾਡੇ ਵਿਭਾਗ ਸ਼੍ਰੀਮਤੀ Meenu Bajwa ਜੀ ਬਣੇ। ਅਤੇ ਹੋਰ ਬਹੁਤ ਸਾਰੇ ਅਧਿਆਪਕ ਸ਼੍ਰੀਮਾਨ ਬਲਜੀਤ ਸਿੰਘ, ਸ਼੍ਰੀਮਾਨ ਅਮਨ ਕੁਮਾਰ, ਸ਼੍ਰੀਮਤੀ ਆਰਤੀ ਕਪੂਰ, ਸ਼੍ਰੀਮਾਨ ਦੇਵ ਰਾਜ ਆਦਿ ਆਸਨੇ ਹੋਰ ਮਿਹਨਤੀ ਅਧਿਆਪਕ ਜਿਹਨਾ ਅਸੀਂ ਬਹੁਤ ਕੁਝ ਸਿੱਖਿਆ ਅਤੇ ਆਪਣੇ ਜੀਵਨ ਵਿਚ ਤਬਦੀਲੀਆਂ ਲਿਆਂਦੀਆਂ। ਇਨ੍ਹਾਂ ਛੇ ਮਹੀਨਿਆਂ ਵਿਚ ਸਾਰੇ ਅਧਿਆਪਕਾਂ ਨੇ ਬਹੁਤ ਹੀ ਲਗਨ ਨਾਲ ਸਾਨੂੰ ਪੜ੍ਹਾਇਆ ਤੇ ਸਮੇਂ ਸਮੇਂ ਤੇ ਸਾਡੇ ਟੈਸਟ ਵੀ ਲਏ। 18 June 2024 ਨੂੰ ਨਿਰਜਲਾ ਇਕਾਦਸ਼ੀ ਕਾਲਜ ਛਬੀਲ ਦਾ ਆਯੋਜਨ ਕੀਤਾ ਗਿਆ ਸੀ। ਜਿਸ ਵਿਚ ਸਾਡੇ ਕਾਲਜ ਦੇ ਬੱਚੇ ਅਤੇ ਕਾਲਜ ਦੇ ਅਧਿਆਪਕ ਛਬੀਲ ਦੇ ਆਯੋਜਨ ਨਾਲ ਜੁੜੇ। ਫਿਰ ਉਸ ਤੋਂ ਬਾਅਦ ਪਹਿਲੀ ਵਾਰ ਸਾਡੇ ਕਾਲਜ ਵਿਚ 24-06-2024 ਨੂੰ ਇਮਪ੍ਰੈਸ਼ਨ ਲਈ Dies ਤੋਂ ਫੀਸ ਆਈ। ਫਿਰ ਉਸ ਤੋਂ ਬਾਅਦ 14 ਅਗਸਤ 2024 ਨੂੰ ਸਾਡੇ ਕਾਲਜ ਵਿਚ Independence Day celebrate ਕੀਤਾ ਗਿਆ। 24 Sep. 2024 ਨੂੰ ਕਾਲਜ ਵਿਚ Seminar organize ਕੀਤਾ ਗਿਆ। 30 Oct 2024 ਤੋਂ ਦੀਵਾਲੀ Celebrate ਕੀਤੀ ਗਈ ਕਾਲਜ ਵਿਚ।

## ਨਵੰਬਰ 2024 ਤੋਂ ਮਈ 2025

ਨਵੰਬਰ ਵਿਚ ਸਾਡੇ ਪ੍ਰੋਜੈਕਟ ਸ਼ੁਰੂ ਹੋ ਗਏ। 23 ਦਸੰਬਰ 2024 ਨੂੰ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ 'ਵੀਰ ਬਾਲ ਦਿਵਸ' ਮਨਾਇਆ ਗਿਆ, ਜਿਸ ਵਿਚ ਕਵਿਤਾਵਾਂ, ਲੇਖ, ਪੇਟਿੰਗ ਮੁਕਾਬਲੇ ਕਰਵਾਏ ਗਏ। 7 ਅਤੇ 8 ਜਨਵਰੀ 2025 ਨੂੰ ਸਾਡੇ T.P Regarding ਦੇ ਲਈ ਦੋ ਰੋਜ਼ਾ ਸੈਮੀਨਾਰ ਹੋਇਆ ਜਿਸ ਦੌਰਾਨ ਸਾਨੂੰ ਸਕੂਲਾਂ ਵਿਚ ਜਾਣ ਤੋਂ ਪਹਿਲਾਂ ਕੁਝ ਗੱਲਾਂ ਲਈ ਜਾਣੂ ਕੀਤਾ ਗਿਆ ਤਾਂ ਜੋ ਸਾਨੂੰ ਸਕੂਲਾਂ ਵਿਚ ਕੋਈ ਸਮੱਸਿਆ



→ 13 Marc

Farewell Pa





→ 28,
202


T.P Re

ਨਾ ਰਹੇ, ਇਸ 10 ਜਨਵਰੀ 2025 ਤੋਂ 15 ਫਰਵਰੀ 2025 ਦਿਨਾਂ ਦੀ T.P ਲੱਗੀ ਜਿਸ ਦੇ ਦੌਰਾਨ ਅਸੀਂ ਆਪਣੇ-ਆਪਣੇ ਸਕੂਲਾਂ ਵਿਚ ਲੋਹੜੀ ਦਾ ਤਿਉਹਾਰ ਮਨਾਇਆ ਗਿਆ, ਇਸ T.P ਖ਼ਤਮ ਹੋਣ ਤੋਂ ਬਾਅਦ ਸਾਡੇ Practical ਹੋਏ ਜੋ ਸਾਡੇ ਜਿਲ੍ਹੇ ਨੂੰ ਲੱਗਦੀ ਦੌਰਿਆ ਵਾਲੀ Diet ਵਿਚ ਹੋਏ। ਇਸ ਤੋਂ ਬਾਅਦ 13 March 2025 ਨੂੰ ਸਾਡੇ ਕਾਲਜ ਵਿਚ ETT First ਅਤੇ Second Year's students ਦੀ ਦੇ Farewell Party ਹੋਈ ਜੋ Second Year ਦੇ ਬੱਚਿਆਂ ਨੂੰ First Year ਦੇ ਬੱਚਿਆਂ ਵਲੋਂ ਦਿੱਤੀ ਗਈ ਇਹ Party ਵਧੀਆ Session ਲਈ ਬਹੁਤ ਯਾਦਗਾਰ ਬਣ ਗਈ। ਇਸ ਤੋਂ 17 March 2025 ਤੋਂ 11 April 2025 ਤੱਕ ਸਾਡੇ First Year ਦੇ Exam ਹੋਏ ਜੋ ਸਰਕਾਰੀ ਕੰਨਿਆ ਸੀ: ਸੈਂ: ਸਕੂਲ ਜਲਾਲਾਬਾਦ ਵਿੱਚ ਹੋਏ। ਇਸ ਤੋਂ ਬਾਅਦ 21 April 2025 ਨੂੰ 2nd Year ਦੀਆਂ ਕਲਾਸਾਂ ਸ਼ੁਰੂ ਹੋ ਗਈਆਂ।

## ਜੂਨ 2025 ਤੋਂ ਨਵੰਬਰ 2025

21 ਜੂਨ 2025 ਨੂੰ ਕਾਲਜ ਵਿਚ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। 24 June 2025 ਨੂੰ SCERT ਵਲੋਂ ਚੈਕਿੰਗ ਟੀਮ ਆਈ ਤੇ ਜਿਨ੍ਹਾਂ ਨੇ NLP ਪ੍ਰੋਜੈਕਟ ਬਾਰੇ ਬੱਚਿਆਂ ਨੂੰ ਜਾਣੂ ਕੀਤਾ। ਇਸ ਤੋਂ 28 ਜੁਲਾਈ 2025 ਤੇ 29 ਜੁਲਾਈ 2025 T.P Regarding ਟ੍ਰੇਨਿੰਗ ਹੋਈ, ਜਿਸ ਵਿਚ ਸਾਨੂੰ ਜਿਸ਼ਤ ਸਮੱਗਰ ਬਾਰੇ ਜਾਣੂ ਕੀਤਾ ਗਿਆ। ਇਸ ਨੂੰ 4 ਅਗਸਤ 2025 ਤੇ ਸਾਡੀ 117 ਦਿਨਾਂ ਦੀ T.P Start ਹੋ ਗਈ। 4 ਅਗਸਤ 2025 ਤੋਂ ਮੈਂ ਵਿਦੇ ਨੰ ਵਿਦਿ: ਅਧਿਆਪਕ ਦੇ ਰੂਪ ਵਿਚ ਸਕੂਲ ਵਿਚ Join ਕੀਤਾ



↳ 19 Oct. 2025 → ਦੀਵਾਲੀ Celebrat




↳ 20 Dec 2025
Mega Ptm

ਜਿੱਥੇ ਮੈਨੂੰ 5th ਕਲਾਸ ਮਿਲੀ। ਤੇ TP ਦੌਰਾਨ ਅਗਸਤ ਮਹੀਨੇ ਵਿਚ ਰੱਖੜੀ ਦਾ ਤਿਉਹਾਰ ਮਨਾਇਆ ਤੇ ਸੁਤੰਤਰਤਾ ਦਿਵਸ ਵੀ ਮਨਾਇਆ ਗਿਆ। ਫਿਰ ਸਤੰਬਰ ਮਹੀਨੇ ਵਿਚ 23 ਸਤੰਬਰ 2025 ਨੂੰ ਬੱਚਿਆਂ ਦੇ Exam Start ਹੋਏ ਤੇ ਜਿਸ ਦਾ Result 17 Oct 2025 ਨੂੰ ਘੋਸ਼ਿਤ ਕੀਤਾ ਗਿਆ। ਫਿਰ ਸਕੂਲ ਵਿਚ 19 Oct 2025 ਨੂੰ ਦੀਵਾਲੀ ਦਾ ਤਿਉਹਾਰ ਬਹੁਤ ਵਧੀਆ ਤਰੀਕੇ ਨਾਲ Celebrate ਕੀਤਾ ਗਿਆ। ਫਿਰ 5 ਨਵੰਬਰ 2025 ਨੂੰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸੰਬੰਧੀ 4 ਨਵੰਬਰ 2025 ਨੂੰ ਸਵੇਰ ਦੀ ਸਭਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਦੱਸਿਆ ਗਿਆ।

## ਦਸੰਬਰ 2025 ਤੋਂ ਮਈ 2026

ਦਸੰਬਰ ਮਹੀਨੇ ਵਿਚ ਪਹਿਲਾ 2nd Term ਦੇ Exam ਹੋਏ ਤੇ ਫਿਰ ਸਰਦੀਆਂ ਦੀਆਂ ਛੁੱਟੀਆਂ ਹੋਈਆਂ ਤੇ ਬੱਚਿਆਂ ਨੂੰ ਛੁੱਟੀਆਂ ਦਾ ਕੰਮ ਦਿੱਤਾ ਗਿਆ ਤੇ ਠੰਡ ਤੋਂ ਬਚਣ ਲਈ ਪ੍ਰੇਰਿਤ ਕੀਤਾ ਗਿਆ। ਫਿਰ ਸਰਦੀਆਂ ਦੀਆਂ ਤੋਂ ਬਾਅਦ 2026 ਸ਼ੁਰੂ ਹੋ ਚੁੱਕਾ ਸੀ। ਬੱਚੇ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਆਏ ਤੇ ਨਵੇਂ ਸਾਲ ਨਾਲ ਆਪਣਾ [illegible] ਦੀ ਸ਼ੁਰੂਆਤ ਕੀਤੀ। ਫਿਰ ਸਕੂਲ ਤੇ ਇਕ ਛੋਟਾ ਜਿਹਾ ਲੋਹੜੀ ਦੇ ਤਿਉਹਾਰ ਦੇ ਮੌਕੇ ਤੇ Function ਕੀਤਾ ਗਿਆ। ਇਸ ਤਰ੍ਹਾਂ ਦੇਖਦੇ-ਦੇਖਦੇ ਪਤਾ ਨਹੀਂ ਲੱਗਿਆ ਕਦੋਂ ਸਾਡੇ 117 ਦਿਨ ਪੂਰੇ ਹੋ ਗਏ ਤੇ ਅਸੀਂ ਆਪਣੀ 117 ਦਿਨਾਂ ਦੀ T.P. ਟ੍ਰੇਨਿੰਗ ਪੂਰੀ ਕੀਤੀ। ਸਕੂਲ ਵਿਚ Last Day

ਸਕੂਲ ਦੇ ਅਧਿਆਪਕਾਂ ਵੱਲੋਂ ਸਾਨੂੰ ਇੱਕ ਸੋਹਣੀ Party ਦਿੱਤੀ ਗਈ ਤੇ ਇਨ੍ਹਾਂ 11 ਸਾਲਾਂ ਨੂੰ ਉਮਰ ਭਰ ਯਾਦਗਾਰ ਬਣਾਉਣ ਲਈ ਤੋਹਫ਼ੇ ਦਿੱਤੇ ਗਏ। ਫਿਰ ਉਸ ਤੋਂ ਬਾਅਦ ਅਸੀਂ ਆਪਣੇ [illegible] ਜਾਣਾ ਸ਼ੁਰੂ ਕੀਤਾ। ਫਿਰ ਪਹਿਲੇ ਸਾਲ ਤਕ ਇਸ ਸਾਲ ਦੀ Final Practical ਸੋ ਸਾਡੇ ਜਿਹੇ ਦੀ Viva ਕੀਤਿਆਂ ਵਾਲੀ ਵਿਚ ਹੋਏ ਸੀ। ਉਸ ਤੋਂ ਬਾਅਦ ਸਾਡੇ Final Exam ਨਜ਼ਦੀਕ ਆਉਂਦੇ ਗਏ ਤੇ ਸਾਡਾ ਦਿਲ ਵਿਚ ਤਿਆਰੀ ਪੂਰੀ ਹੋਣ ਦੀ ਖੁਸ਼ੀ ਤੇ ਅਧਿਆਪਕਾਂ ਅਤੇ ਦੋਸਤਾਂ ਤੋਂ ਦੂਰ ਹੋਣ ਦੀ ਦੂਰੀ ਮਹਿਸੂਸ ਹੋਣ ਲੱਗੀ। ਫਿਰ ਅਸੀਂ ਪੂਰੇ ਸਾਲ ਦੇ Exam ਦੀ ਤਿਆਰੀ ਵਿਚ ਜੁੱਟ ਗਏ।

**ਸਿੱਟਾ :-** ਇਸ ਤਰ੍ਹਾਂ ਅਸੀਂ ਇਨ੍ਹਾਂ ਦੋਨਾਂ ਸਾਲਾਂ ਵਿਚ ਆਪਣੇ ਆਪ ਵਿਚ ਬਹੁਤ ਸਾਰੀਆਂ ਉਪਲੱਬਧੀਆਂ ਮਹਿਸੂਸ ਕੀਤੀਆਂ ਅਤੇ ਆਪਣੇ ਆਪ ਵਿਚ ਇਕ ਚੰਗੇ ਅਧਿਆਪਕ ਦੇ ਗੁਣ ਵਿਕਸਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਅਸੀਂ ਅਧਿਆਪਨ ਦੇ ਬਹੁਤ ਸਾਰੇ ਗੁਣ ਸਿੱਖੇ ਜਿਸ ਵਿੱਚ ਸਾਡੇ ਸਤਿਕਾਰਯੋਗ ਅਧਿਆਪਕਾਂ ਨੇ ਬਹੁਤ ਸਹਿਯੋਗ ਦਿੱਤਾ। ਜਿਸ ਲਈ ਮੈਂ ਉਨ੍ਹਾਂ ਦੀ ਸਾਰੀ ਉਮਰ ਅਹਿਸਾਨਮੰਦ ਰਹਾਂਗੀ ਜਿਨ੍ਹਾਂ ਨੇ ਸਾਨੂੰ ਇਨੇ ਕਾਬਿਲ ਬਣਾਇਆ ਕਿ ਅਸੀਂ ਵੀ ਉਨ੍ਹਾਂ ਵਾਂਗੂ ਇੱਕ ਚੰਗੇ ਤੇ ਇਮਾਨਦਾਰ ਅਧਿਆਪਕ ਬਣ ਸਕੀਏ।

Serial No.

Notes

Date

ਇੱਤਿਹਾਸ

ਟਿੱਰਪ

IDER


# ਵਿਦਿਅਕ ਟੂਰ ਦੀ ਜਾਣਕਾਰੀ

**ਜਾਣ-ਪਛਾਣ :-** ਮੇਰਾ ਨਾਮ ਮਨਪ੍ਰੀਤ ਕੌਰ ਹੈ। ਮੈਂ ਲਾਲਾ ਜਗਤ ਨਰਾਇਣ ਕਾਲਜ ਦੀ ਵਿਦਿਆਰਥਣ ਹਾਂ। ਮੈਂ ਇਸ ਕਾਲਜ ਬੀ.ਐੱਡ ਦੀ ਸੈਸ਼ਨ 2023-25 ਦੀ ਵਿਦਿਆਰਥਣ ਹਾਂ। ਇਸ ਕਾਲਜ ਵਿੱਚ ਮੇਰਾ ਬੀ.ਐੱਡ ਦਾ ਦੂਜਾ ਸਾਲ ਹੈ। ਇਸ ਕੋਰਸ ਦੇ ਦੂਸਰੇ ਸਾਲ ਦੇ ਪਾਠਕ੍ਰਮ ਦੌਰਾਨ ਹੋਰਨਾਂ ਵਿਸ਼ਿਆਂ ਦੇ ਨਾਲ "ਆਤਮ ਸਮਝ ਵਿਕਾਸ ਉਤਪੱਤੀ" ਦਾ ਵਿਸ਼ਾ ਜੋੜਿਆ ਗਿਆ, ਜਿਸਦਾ ਅਧਿਆਪਨ ਸ੍ਰੀਮਤੀ ਆਰਤੀ ਕਪੂਰ ਜੀ ਵੱਲੋਂ ਸਾਨੂੰ ਕਰਵਾਇਆ ਜਾਂਦਾ ਹੈ। ਇਸ ਵਿਸ਼ੇ ਸੰਬੰਧੀ ਕਈ ਪ੍ਰੋਜੈਕਟ ਦਿੱਤੇ ਗਏ ਜਿਵੇਂ:- ਸਵੈ-ਜੀਵਨੀ, ਸੈਮੀਨਾਰ ਰਿਪੋਰਟ ਆਦਿ। ਇਨ੍ਹਾਂ ਵਿੱਚੋਂ ਹੀ ਇੱਕ ਪ੍ਰੋਜੈਕਟ ਆਪਣੇ ਬੀ.ਐੱਡ ਦੇ ਸੈਸ਼ਨ ਦੌਰਾਨ ਗਏ ਇੱਕ ਵਿਦਿਅਕ ਟੂਰ ਦੀ ਜਾਣਕਾਰੀ ਲਿਖਣਾ ਸ਼ਾਮਲ ਕੀਤਾ ਗਿਆ।

**ਟੂਰ :-** ਟੂਰ ਨੂੰ ਅਸੀਂ ਖੇਤਰੀ ਭ੍ਰਮਣ ਦੇ ਤੌਰ ਤੇ ਵੀ ਵੇਖਦੇ ਹਾਂ ਜਿਨ੍ਹਾਂ ਦਾ ਸਿੱਖਿਆ ਦੇ ਵਿੱਚ ਇੱਕ ਅਹਿਮ ਯੋਗਦਾਨ ਹੈ। ਜਿਸ ਦੇ ਵਿਸ਼ੇ ਬਾਰੇ ਸਿਧਾਂਤਕ ਗਿਆਨ ਨਾਲੋਂ ਉਸਦਾ ਪ੍ਰਤੱਖ ਨਿਰੀਖਣ ਵਧੇਰੇ ਗਿਆਨਵਰਧਕ ਤੇ ਸਮਝ ਯੋਗ ਸਾਬਤ ਹੁੰਦਾ ਹੈ। ਟੂਰ ਤੋਂ ਭਾਵ ਹੈ ਕਿ ਘਰ ਤੋਂ ਦੂਰ ਇਨ੍ਹਾਂ ਦਾ ਖੇਤਰੀ ਭ੍ਰਮਣ ਅਤੇ ਪ੍ਰੀਖਣ ਇੱਕ ਦਿਨ ਦੀ ਯਾਤਰਾ।



ਗੁਰਦੁਆਰ
ਸ੍ਰੀ
ਮੁਕਤਸ
ਸਾਹਿ



## ਟੂਰ ਦੀ ਤਿਆਰੀ :-

ਇੱਕ ਦਿਨ ਦਾ ਟੂਰ ਸਾਡੇ ਕਾਲਜ ਵੱਲੋਂ ਸ੍ਰੀ ਮੁਕਤਸਰ ਸਾਹਿਬ "ਮਾਘੀ ਦਾ ਮੇਲਾ" ਨਿਸ਼ਚਿਤ ਕੀਤਾ ਗਿਆ, ਇਹ ਟੂਰ ਸਾਡਾ 23 Jan. 2026 ਨੂੰ ਗਿਆ ਸੀ। ਸਾਨੂੰ 23 Jan. ਨੂੰ ਸਵੇਰੇ 10:30 ਵਜੇ ਕਾਲਜ ਆਉਣ ਲਈ ਕਿਹਾ ਗਿਆ। ਤਕਰੀਬਨ ਸਾਰੇ ਬੱਚੇ 11:00 ਵਜੇ ਤੱਕ ਪਹੁੰਚ ਗਏ ਸਨ। ਸ੍ਰੀ ਮੁਕਤਸਰ ਸਾਹਿਬ ਅਸੀਂ ਬੱਸ ਰਾਹੀਂ ਗਏ ਸੀ। ਸਾਡੇ ਨਾਲ ਸਾਡੇ ਕਾਲਜ ਦੇ ਪ੍ਰਿੰਸੀਪਲ ਮੈਮ, ਆਰਤੀ ਮੈਮ, ਸੋਨੂੰ ਮੈਮ, ਦਲੈਸ਼ ਮੈਮ, ਲੇਖ ਰਾਜ ਸਰ, ਅਮਨ ਸਰ, ਅਸ਼ੀਸ਼ ਸਰ ਗਏ ਸੀ। ਰਸਤੇ ਵਿਚ ਸਾਰੇ ਸਾਥੀ ਤੇ ਸਾਡੇ ਟੀਚਰ ਮਸਤੀ ਕਰਦੇ ਗਏ। ਲਗਭਗ ਘੰਟੇ, ਡੇਢ ਘੰਟੇ ਵਿਚ ਅਸੀਂ ਸ੍ਰੀ ਮੁਕਤਸਰ ਸਾਹਿਬ ਪਹੁੰਚ ਗਏ।

## ਗੁਰਦੁਆਰਾ ਸਾਹਿਬ ਦੇ ਦਰਸ਼ਨ :-

ਉੱਥੇ ਪਹੁੰਚ ਕੇ ਸਭ ਤੋਂ ਪਹਿਲਾਂ ਅਸੀਂ ਮੱਥਾ ਟੇਕਿਆ। ਮੱਥਾ ਟੇਕਣ ਲਈ ਕਤਾਰਾਂ ਬਹੁਤ ਲੰਬੀਆਂ ਸਨ ਤੇ ਮੱਥਾ ਟੇਕਣ ਲਈ ਸਾਨੂੰ ਕਾਫ਼ੀ ਟਾਈਮ ਲੱਗ ਗਿਆ। ਸਾਰੇ ਅਧਿਆਪਕ ਸਾਹਿਬਾਨ ਤੇ ਬੱਚੇ ਮੱਥਾ ਟੇਕਣ ਤੋਂ ਤੁਰੰਤ ਬਾਅਦ ਲੰਗਰ ਹਾਲ ਵੱਲ ਵਧੇ। ਸਭ ਨੇ ਬੜੀ ਸ਼ਰਧਾ ਨਾਲ ਪੰਗਤਾਂ ਵਿਚ ਬੈਠ ਕੇ ਲੰਗਰ ਛਕਿਆ। ਫਿਰ ਸਾਡੇ ਪ੍ਰਿੰਸੀਪਲ ਮੈਮ ਜੀ ਸਾਰਿਆਂ ਬੱਚਿਆਂ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਦੱਸਿਆ, ਕਿ ਕਿਵੇਂ ਇਸ ਧਰਤੀ ਨੂੰ 40 ਮੁਕਤਿਆਂ ਦੀ ਧਰਤੀ ਕਿਹਾ ਜਾਂਦਾ ਹੈ, ਕਿਵੇਂ ਇਸ ਦਾ ਨਾਮ ਮੁਕਤਸਰ ਪਾਇਆ।


SACHDEVA

ਧੰਨੈ ਅਤੇ ਅਧਿਆਪਰ


TOPPERS ACADEMY
Admission Open
MEDICAL | NON MEDICAL
COMMERCE | ARTS

**ਮੇਲੇ ਦਾ ਦ੍ਰਿਸ਼ :-** ਫਿਰ ਅਸੀਂ ਸਾਰੇ ਬੱਚੇ ਅਤੇ ਅਧਿਆਪਕ ਸ਼ਾਨਦਾਰ ਮੇਲਾ ਦੇਖਣ ਗਏ। ਮੇਲੇ ਵਿਚ ਕਾਫੀ ਭੀੜ ਸੀ। ਬਹੁਤ ਸਾਰੀਆਂ ਦੁਕਾਨਾਂ ਲੱਗੀਆਂ ਹੋਈਆਂ ਸਨ। ਜਿਵੇਂ:- ਚੱਪਲਾਂ ਦੀਆਂ ਦੁਕਾਨਾਂ, ਖਿਡੌਣੇ ਦੀਆਂ ਦੁਕਾਨਾਂ, ਖਾਣ ਪੀਣ ਦੀਆਂ ਦੁਕਾਨ ਅਤੇ ਝੂਲੇ ਆਦਿ ਬਹੁਤ ਕੁਝ ਸੀ। ਮੈਂ ਅਤੇ ਮੇਰੀ ਇੱਕ ਦੋਸਤ ਨੇ ਬਜ਼ਾਰ ਵਿਚੋਂ ਖਾਣ ਅਤੇ ਸੈਰ ਕਰੀ। ਮੇਲੇ ਵਿਚ ਦੂਰ-ਦੂਰ ਤੋਂ ਸੰਗਤਾਂ ਆਈਆਂ ਹੋਈਆਂ ਸਨ। ਬੱਚੇ ਆਪਣੇ ਮਾਤਾ-ਪਿਤਾ ਦਾਦੀ-ਦਾਦਾ ਨਾਲ ਮੇਲੇ ਦਾ ਅਨੰਦ ਮਾਣ ਰਹੇ ਸਨ। ਅਸੀਂ ਫਿਰ ਸਭ ਨੇ ਡਾਂਸ ਕੀਤਾ ਅਧਿਆਪਕ ਅਤੇ ਬੱਚਿਆਂ ਨੇ, ਇਸ ਤੋਂ ਬਾਅਦ ਅਸੀਂ ਝੂਲੇ ਦੇਖਣ ਗਏ ਤੇ ਉੱਥੇ ਬਹੁਤ ਵੱਡੇ-ਵੱਡੇ ਝੂਲੇ ਤੇ ਅਲੱਗ-ਅਲੱਗ ਤਰ੍ਹਾਂ ਦੇ ਝੂਲੇ ਸਨ।

**ਘਰ ਵਾਪਸੀ :-** ਮੇਲਾ ਦੇਖਣ ਤੋਂ ਬਾਅਦ ਵਾਪਸ ਜਾਣ ਦੀ ਤਿਆਰੀ ਸ਼ੁਰੂ ਹੋ ਗਈ। ਪਤਾ ਨਹੀਂ ਲੱਗਿਆ ਕਦੋਂ ਸ਼ਾਮ ਹੋ ਗਈ ਤੇ ਫਿਰ ਸਾਰੇ ਅਧਿਆਪਕ ਅਤੇ ਬੱਚੇ ਬੱਸ ਵਿਚ ਬੈਠ ਗਏ ਤੇ ਘਰ ਨੂੰ ਚੱਲ ਪਏ। ਰਸਤੇ ਵਿਚ ਸਭ ਨੇ ਬਹੁਤ ਮਸਤੀ ਕੀਤੀ ਤੇ ਪਹਿਲਾਂ ਟੈਕਸ ਵਿਚ ਅਸੀਂ ਵਾਪਸ ਸਕੂਲ ਪਰਤ ਆਏ ਤੇ ਸਕੂਲ ਤੋਂ ਸਾਰੇ ਬੱਚੇ ਆਪਣੇ-2 ਘਰ ਨੂੰ ਤੁਰ ਪਏ।

ਮੇਰੇ ਲਈ ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਵਧੀਆ ਸਮਾਂ ਸੀ। ਆਪਣੇ ਦੋਸਤਾਂ ਅਤੇ ਅਧਿਆਪਕਾਂ ਨਾਲ ਬਿਤਾਇਆ ਇਹ ਸਮਾਂ ਮੈਨੂੰ ਹਮੇਸ਼ਾ ਯਾਦ ਰਹੇਗਾ।

Serial No.

Date

ਸਿੱਖਣ

ਸਰੋਤ

ਸਮੱਗਰੀ

ਸੰਗਠਨ

ਗਿਆਨ ਅੰਮ੍ਰਿਤ



'ਮਨ ਦਾ ਸੁਭਾਅ'

ਗਿਆਨ ਅੰਮ੍ਰਿਤ



Date
Page

# ਵਿਚਾਰ

'ਜੇਕਰ ਤੁਸੀਂ ਆਪਣੀਆਂ ਗਲਤੀਆਂ ਤੋਂ ਸਿੱਖ ਲੈਂਦੇ ਹੋ ਤਾਂ ਗਲਤੀਆਂ ਤੁਹਾਡੇ ਲਈ ਪੌੜੀਆਂ ਹਨ।'

ਜ਼ਰੂਰੀ ਨਹੀਂ ਕਿ ਸਾਰੇ ਸਬਕ ਕਿਤਾਬਾਂ ਤੋਂ ਹੀ ਸਿੱਖੇ ਜਾਣ, ਕੁਝ ਸਬਕ ਜ਼ਿੰਦਗੀ ਅਤੇ ਰਿਸ਼ਤੇ ਵੀ ਸਿਖਾ ਦਿੰਦੇ ਹਨ।

'ਬਹੁਤ ਮੁਸ਼ਕਲ ਨਹੀਂ ਹੈ ਜ਼ਿੰਦਗੀ ਦੀ ਸੱਚਾਈ ਸਮਝਣਾ, ਜਿਸ ਤੱਕੜੀ 'ਤੇ ਦੂਜਿਆਂ ਨੂੰ ਤੋਲਦੇ ਹੋ ਉਸ 'ਤੇ ਕਦੇ ਖੁਦ ਬੈਠ ਕੇ ਵੇਖੋ।'

'ਆਪਣੇ ਭੇਤ ਕਿਸੇ ਨੂੰ ਨਾ ਦੱਸੋ। ਇਹ ਆਦਤ ਤੁਹਾਨੂੰ ਖਤਮ ਕਰ ਦੇਵੇਗੀ।'

## ਗ਼ਜ਼ਲ

ਹਰ ਇਕ ਰੁੱਸੇ ਨੂੰ ਮਨਾਉਣਾ ਔਖਾ ਹੁੰਦਾ ਏ
ਦਿਲ ਦਾ ਦਰਦ ਛੁਪਾਉਣਾ ਕਿਹੜਾ ਸੌਖਾ ਹੁੰਦਾ ਏ।

ਚਿਹਰੇ ਦੇ ਭਾਵਾਂ ਨੂੰ ਪੜ੍ਹ ਕੇ ਸਭ ਕੁਝ ਸਮਝ ਲੈਂਦੀ ਦੁਨੀਆ
ਚਿਹਰੇ ਦਾ ਹਰ ਭਾਵ ਲੁਕਾਉਣਾ ਔਖਾ ਹੁੰਦਾ ਹੈ।

ਤੁਹਾਡੇ ਦਿਲ ਦੇ ਜਜ਼ਬਾਤਾਂ ਨੂੰ ਕੋਈ ਹੀ ਸਮਝੇਗਾ
ਹਰ ਕੋਈ ਸਮਝੇ ਜਜ਼ਬਾਤ ਤੁਹਾਡੇ ਨਹੀਂ ਸੌਖਾ ਹੁੰਦਾ ਏ

ਅੱਖਾਂ ਮੀਟ ਕੇ ਕਰ ਲੈਂਦੇ ਜੋ ਦੂਜਿਆਂ ਉੱਤੇ ਇਤਬਾਰ
ਅਕਸਰ ਉਨ੍ਹਾਂ ਨਾਲ ਦੇਖਿਆ ਮੈਂ ਧੋਖਾ ਹੁੰਦਾ ਏ।

ਆਪਣਾ ਬਣ ਕੇ ਲੁੱਟ ਲੈਂਦੇ ਕਈ ਦਿਲ ਜਿੱਤ ਕੇ ਦੂਜਿਆਂ ਦਾ
ਇਹ ਆਪਣਿਆਂ ਨੂੰ ਲੁੱਟਣ ਦਾ ਢੰਗ ਅਨੋਖਾ ਹੁੰਦਾ ਏ।

ਹਰ ਇਕ ਰੁੱਸੇ ਨੂੰ ਮਨਾਉਣਾ ਸੌਖਾ ਹੁੰਦਾ ਏ
'ਪਰਮ' ਦਿਲ ਦਾ ਦਰਦ ਛੁਪਾਉਣਾ ਕਿਹੜਾ ਸੌਖਾ ਹੁੰਦਾ ਏ।

—ਪਰਮਜੀਤ ਕੌਰ ਭੁਲਾਣਾ
(ਮੋ. 98772-62705)

ਗ਼ਜ਼ਲ

# ਹੱਸਗੁੱਲੇ

Arsh
Date
Page

## ਹੱਸਗੁੱਲੇ



ਪਿਤਾ, 'ਬੇਟਾ ਇਕ ਜ਼ਮਾਨਾ ਸੀ ਜਦੋਂ ਮੈ 10 ਰੁਪਏ ਵਿਚ ਬਾਜ਼ਾਰ ਤੋਂ ਕਰਿਆਣਾ, ਦੁੱਧ ਅਤੇ ਸਬਜੀਆਂ ਲੈ ਆਉਂਦਾ ਸੀ।

ਬੇਟਾ, 'ਪਿਤਾ ਜੀ ਹੁਣ ਜ਼ਮਾਨਾ ਬਦਲ ਗਿਆ ਹੈ। ਅਜਕਲ ਹਰ ਦੁਕਾਨ ਵਿਚ ਕੈਮਰੇ ਲੱਗੇ ਹੁੰਦੇ ਹਨ।

☺☺☺

ਸ਼ਰਾਬੀ ਵੋਟ ਪਾਉਣ ਗਿਆ। ਵੋਟਿੰਗ ਮਸ਼ੀਨ ਦੇ ਸਾਹਮਣੇ ਦਸ ਮਿੰਟ ਲਗਾ ਦਿੱਤੇ ।

ਪੋਲਿੰਗ ਅਫਸਰ ਨੇ ਪੁੱਛਿਆ, 'ਭਰਾ ਮਸ਼ੀਨ ਵਿਚ ਕੋਈ ਸਮੱਸਿਆ ਹੈ ਕੀ ?'

ਸ਼ਰਾਬੀ ਵੋਟਰ, 'ਮਸ਼ੀਨ ਵਿਚ ਤਾਂ ਕੋਈ ਸਮੱਸਿਆ ਨਹੀਂ, ਪਰ ਯਾਦ ਹੀ ਨਹੀਂ ਆ ਰਿਹਾ ਕਿ ਕੱਲ ਰਾਤ ਦੋ ਬੋਤਲਾਂ ਦੇਣ ਵਾਲੇ ਦਾ ਚੋਣ ਨਿਸ਼ਾਨ ਕੀ ਸੀ ?'



☺☺☺

ਰਿੰਕੂ ਇਕ ਰੈਸਟੋਰੈਂਟ ਵਿਚ ਇਕੱਲੇ ਬੈਠਾ ਸੀ ਉਦੋਂ ਇਕ ਖੂਬਸੂਰਤ ਕੁੜੀ ਉਸ ਦੇ ਕੋਲ ਆਈ।

ਕੁੜੀ, 'ਜੀ ਤੁਸੀ ਸਿੰਗਲ ਹੋ ਕੀ ?'

ਰਿੰਕੂ, 'ਖੁਸ਼ੀ ਨਾਲ , ਹਾਂ ਹੋਰ'

ਕੁੜੀ, 'ਤਾਂ ਮੈਂ ਇਹ ਕੁਰਸੀ ਲੈ ਜਾਵਾਂ।'

## ਹੱਸਗੁੱਲੇ




ਪਤਨੀ, " ਕਲ ਜੋ ਭਿਖਾਰੀ ਆਇਆ ਸੀ, ਬਹੁਤ ਕਮੀਨਾ ਹੈ!

ਪਤੀ, "ਕਿਉਂ।"

ਪਤਨੀ, " ਕਲ ਉਸ ਨੂੰ ਖਾਣਾ ਦਿੱਤਾ ਸੀ ਅਤੇ ਅੱਜ ਮੈਨੂੰ ਕਿਤਾਬ ਦੇ ਕੇ ਗਿਆ ਹੈ... ਖਾਣਾ ਬਣਾਉਣਾ ਸਿੱਖੋ"

☺☺☺

ਡਾਕਟਰ, "ਕਿਵੇਂ ਆਉਣਾ ਹੋਇਆ ?"

ਮਰੀਜ਼, "ਡਾਕਟਰ ਸਾਹਿਬ, ਤਬੀਅਤ ਠੀਕ ਨਹੀਂ ਹੈ, ਲੀਵਰ ਵਿਚ ਦਰਦ ਹੋ ਰਿਹਾ ਹੈ।"

ਡਾਕਟਰ, "ਸ਼ਰਾਬ ਪੀਂਦੇ ਹੋ ?"

ਮਰੀਜ਼, "ਹਾਂ, ਪਰ ਛੋਟਾ ਪੈਗ ਹੀ ਬਣਾਉਣਾ।"



☺☺☺

ਪਤਨੀ ਪੇਕੇ ਤੋਂ ਵਾਪਸ ਆਈ... ਪਤੀ ਦਰਵਾਜਾ ਖੋਲਦੇ ਹੋਏ ਜ਼ੋਰ-ਜ਼ੋਰ ਦੀ ਹੱਸਣ ਲੱਗਾ...

ਪਤਨੀ, "ਇਸ ਤਰ੍ਹਾਂ ਕਿਉਂ ਹੱਸ ਰਹੇ ਹੋ...!!!"

ਪਤੀ, "ਗੁਰੂ ਜੀ ਨੇ ਕਿਹਾ ਸੀ ਕਿ ਜਦੋਂ ਵੀ ਮੁਸੀਬਤ ਸਾਹਮਣੇ ਆਵੇ ਉਸ ਦਾ ਸਾਹਮਣਾ ਹੱਸਦੇ ਹੋਏ ਕਰੋ।"

## ਹੱਸਗੁੱਲੇ



ਟੀਚਰ, "ਪੁੱਤਰ, ਜੇਕਰ ਸੱਚੇ ਮਨ ਨਾਲ ਕੋਈ ਚੀਜ ਹਾਸਲ ਕਰਨਾ ਚਾਹੋ ਤਾਂ ਉਹ ਜਰੂਰ ਮਿਲਦੀ ਹੈ।"

ਸਟੂਡੈਂਟ, "ਰਹਿਣ ਦਿਓ ਸਰ ਤੁਸੀਂ, ਜੇਕਰ ਅਜਿਹਾ ਹੁੰਦਾ ਤਾਂ ਅੱਜ ਤੁਸੀਂ ਮੇਰੇ ਸਹੁਰਾ ਹੁੰਦੇ।"

☺☺☺

ਪਤਨੀ, "ਸੁਣੋ ਜੀ, ਇਹ ਪਰਸਨਲ, ਸੀਕਰੇਟ ਅਤੇ ਟਾਪ ਸੀਕਰੇਟ ਕੀ ਹੁੰਦਾ ਹੈ ?"

ਪਤੀ, "ਤੂੰ ਮੈਨੂੰ ਪਸੰਦ ਹੈ ਇਹ ਪਰਸਨਲ ਹੈ, ਤੁਹਾਡੀ ਸਹੇਲੀ ਮੈਨੂੰ ਪਸੰਦ ਹੈ ਇਹ ਸੀਕਰੇਟ ਹੈ ਅਤੇ ਤੁਹਾਡੀ ਸਹੇਲੀ ਨੂੰ ਵੀ ਮੈਂ ਪਸੰਦ ਹਾਂ, ਇਹ ਟਾਪ ਸੀਕਰੇਟ ਹੈ।"

☺☺☺



4 ਮੁੰਡਿਆਂ ਨੂੰ ਇਕ ਬਾਈਕ 'ਤੇ ਸਵਾਰੀ ਕਰਦੇ ਵੇਖ ਟ੍ਰੈਫਿਕ ਪੁਲਸ ਨੇ ਰੋਕਿਆ ਅਤੇ ਕਿਹਾ, "ਟ੍ਰਿਪਲ ਸਵਾਰੀ ਜੁਰਮ ਹੈ ਅਤੇ ਤੁਸੀਂ ਚਾਰ ਬੈਠੇ ਹੋ ?"

ਇਹ ਸੁਣਦੇ ਹੀ ਚਾਰੋਂ ਪਿੱਛੇ ਦੇਖਣ ਲੱਗੇ ਅਤੇ ਇਕੱਠੇ ਬੋਲੇ, "ਪੰਜਵਾਂ ਕਿੱਥੇ ਡਿੱਗ ਗਿਆ ? ਜਿਸ ਨੇ ਪਾਰਟੀ ਦੇਣੀ ਸੀ।"

## ਹੱਸਗੁੱਲੇ



ਪਤਨੀ (ਪਤੀ ਨੂੰ), 'ਜੀ ਤੁਹਾਨੂੰ ਯਾਦ ਹੈ ਕਿ ਜਦੋਂ ਤੁਸੀ ਮੈਨੂੰ ਦੇਖਣ ਆਏ ਸੀ ਤੱਦ ਮੈਂ ਕਿਸ ਰੰਗ ਦੀ ਸਾੜ੍ਹੀ ਪਹਿਨੀ ਸੀ ?'

ਪਤੀ, 'ਨਹੀਂ।'

ਪਤਨੀ, 'ਇਸ ਦਾ ਮਤਲਬ ਹੈ ਕਿ ਤੁਸੀਂ ਮੇਰੇ ਨਾਲ ਪਿਆਰ ਨਹੀਂ ਕਰਦੇ।'

ਪਤੀ, 'ਓਏ ਅਜਿਹੀ ਗੱਲ ਨਹੀਂ ਹੈ... ਜਦੋਂ ਕੋਈ ਪਟੜੀ 'ਤੇ ਲੰਮੇ ਪੈਣ ਜਾਂਦਾ ਹੈ ਤਦ ਉਹ ਇਹ ਥੋੜ੍ਹੀ ਵੇਖਦਾ ਹੈ ਕਿ ਟ੍ਰੇਨ ਸ਼ਤਾਬਦੀ ਹੈ ਜਾਂ ਐਕਸਪ੍ਰੈਸ।'

☺☺☺

ਕੁੜੀ, 'ਭਾਈ ਕੋਈ ਸਟਾਈਲਿਸ਼ ਸਾੜ੍ਹੀ ਵਿਖਾਓ।'

ਦੁਕਾਨਦਾਰ, 'ਇਹ ਲਓ ਮੈਡਮ, ਜਾਲੀਦਾਰ ਸਾੜ੍ਹੀ ਹੈ।'

ਕੁੜੀ, 'ਵਾਓ ਕਿੰਨੇ ਦੀ ਹੈ ?'

ਦੁਕਾਨਦਾਰ, '2 ਹਜ਼ਾਰ ਦੀ।'

ਕੁੜੀ, 'ਭਾਈ ਠੀਕ ਪੈਸੇ ਲਗਾਓ, ਮੈਂ ਤਾਂ ਹਰ ਵਾਰ ਤੁਹਾਡੀ ਹੀ ਦੁਕਾਨ ਤੋਂ ਲੈ ਕੇ ਜਾਂਦ ਹਾਂ।'

ਦੁਕਾਨਦਾਰ, 'ਕੁਝ ਤਾਂ ਰਹਿਮ ਕਰੋ ਮੈਡਮ, ਇਹ ਦੁਕਾਨ ਕਲ ਹੀ ਨਵੀਂ ਖੁੱਲੀ ਹੈ।'

☺☺☺



ਟੀਚਰ, 'ਕਲਾਸ ਵਿਚ ਲੜਾਈ ਕਿਉਂ ਨ ਕਰਨੀ ਚਾਹੀਦੀ ਹੈ ?'

ਸੰਜੂ, 'ਕਿਉਂਕਿ ਪਤਾ ਨਹੀਂ ਏਗਜਾਮ ਵਿਚ ਕ ਕਿਸ ਦੇ ਪਿੱਛੇ ਬੈਠਣਾ ਪੈ ਜਾਵੇ।'

Arsh
Date
Page

# 'ਜ਼ਿੰਮੇਵਾਰ ਕੌਣ'

## ਲਘੂ ਕਥਾ

**ਅਜਿਹੇ 'ਚ ਸਾਰਿਆਂ ਦੀਆਂ ਨਜ਼ਰਾਂ ਮਾਈਕ ਸੰਭਾਲਦੇ ਮਰਦ ਬੁਲਾਰੇ 'ਤੇ ਟਿਕ ਗਈਆਂ, ਵੇਖੋ ਹੁਣ ਕੀ ਜਵਾਬ ਦਿੰਦਾ ਹੈ ਇਹ ਮਰਦ ਪ੍ਰਤੀਨਿਧੀ।**

ਬਹੁਤ ਵੱਡੀ ਸਭਾ ਚੱਲ ਰਹੀ ਸੀ। ਔਰਤਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਲੈ ਕੇ ਸਾਰਾ ਦੇਸ਼ ਚਿੰਤਤ ਸੀ। ਘਿਰੇ ਹੋਏ ਘਰੇਲੂ ਹਿੰਸਾ ਨਾਲ ਦੁਖੀ ਸੀ। ਦਹੇਜ ਲਈ ਉਨ੍ਹਾਂ 'ਤੇ ਤਸ਼ੱਦਦ ਕੀਤਾ ਜਾਂਦਾ ਹੈ, ਸਾੜਿਆ ਵੀ ਜਾਂਦਾ ਸੀ। ਬਜ਼ੁਰਗ ਔਰਤਾਂ, ਬੇਟੀਆਂ ਤੋਂ, ਪਰਿਵਾਰਕ ਤਸ਼ੱਦਦ ਤੋਂ ਦੁਖੀ ਸਨ। ਨੌਜਵਾਨ ਔਰਤਾਂ ਪਤੀਆਂ ਦੀ ਅਣਡਿੱਠਤਾ, ਉਨ੍ਹਾਂ ਦੇ ਅਨੈਤਿਕ ਵਿਵਹਾਰਾਂ ਤੋਂ ਅਤੇ ਤਸ਼ੱਦਦ ਤੋਂ ਦੁਖੀ ਸੀ। ਮਹਿਲਾ ਵਰਗ 'ਚ, ਬੁੱਧੀਜੀਵੀਆਂ 'ਚ ਅਤੇ ਸਮਾਜਸੇਵੀਆਂ 'ਚ ਇਨ੍ਹਾਂ ਗੱਲਾਂ ਨੂੰ ਲੈ ਕੇ ਹਾਹਾਕਾਰ ਮਚੀ ਹੋਈ ਸੀ।

ਮੰਚ 'ਤੇ ਬਿਰਾਜਮਾਨ ਤਿੰਨ ਮਹਿਲਾ ਬੁਲਾਰਿਆਂ ਨਾਲ ਇਕ ਮਰਦ ਬੁਲਾਰੇ ਨੂੰ ਵੀ ਥਾਂ ਦਿੱਤੀ ਗਈ ਸੀ। ਮਰਦ ਵਰਗ ਦੇ ਸ਼ਰਮਨਾਕ ਵਿਵਹਾਰ ਦਾ ਜਵਾਬ ਦੇਣ ਲਈ। ਪਹਿਲੀ ਬੁਲਾਰਨ ਇਕ ਨੂੰਹ ਸੀ, ਜਿਸ ਨੇ ਪਰਿਵਾਰਾਂ 'ਚ ਹੋਣ ਵਾਲੀ ਹਿੰਸਾ, ਤਸ਼ੱਦਦ, ਭੇਦਭਾਵ ਅਤੇ ਦਹੇਜ ਲਈ ਨੂੰਹਾਂ ਨੂੰ ਸਾੜਨ ਵਰਗੇ ਘਟੀਆ ਕੰਮਾਂ ਦੀ ਘੋਰ ਨਿੰਦਾ ਕਰਦੇ ਹੋਏ ਇਨ੍ਹਾਂ ਨੂੰ ਰੋਕਣ 'ਤੇ ਜ਼ੋਰ ਦਿੱਤਾ।

ਦੂਜੀ ਬੁਲਾਰਨ ਇਕ ਬਜ਼ੁਰਗ ਔਰਤ ਸੀ ਜੋ ਸਮਾਜ 'ਚ ਬਜ਼ੁਰਗ ਔਰਤਾਂ ਦੀ ਅਣਡਿੱਠਤਾ ਤੋਂ ਦੁਖੀ ਸੀ, ਪਰਿਵਾਰ 'ਚ ਸੱਸਾਂ ਅਤੇ ਬੁੱਢੀ ਮਾਂ ਨਾਲ ਹੋਣ ਵਾਲੇ ਮਾੜੇ ਵਤੀਰੇ ਦੀ ਦੁਹਾਈ ਦੇ ਰਹੀ ਸੀ। ਤੀਜੀ ਨੌਜਵਾਨ ਔਰਤ ਮਰਦਾਂ ਦੀ ਆਵਾਰਾਗਰਦੀ, ਚਰਿੱਤਰਹੀਣਤਾ ਅਤੇ ਅਨੈਤਿਕਤਾ ਦੀ ਵਿਆਖਿਆ ਕਰਦੀ ਹੋਈ ਉਸ ਦੀ ਬੇਵਫ਼ਾਈ ਦੇ ਕਿੱਸੇ ਸੁਣਾ ਰਹੀ ਸੀ। ਸਾਰਾ ਪੰਡਾਲ ਸ਼ੇਮ-ਸ਼ੇਮ ਦੀਆਂ ਆਵਾਜ਼ਾਂ ਨਾਲ ਗੂੰਜ ਰਿਹਾ ਸੀ।



ਮਰਦ ਪ੍ਰਤੀਨਿਧੀ ਨੇ ਕੁਝ ਮੁਸਕਰਾਉਂਦੇ ਹੋਏ ਆਪਣੀ ਗੱਲ ਸ਼ੁਰੂ ਕੀਤੀ। ਉਸ ਦੀ ਮੁਸਕਰਾਹਟ ਔਰਤ ਪ੍ਰਤੀਨਿਧੀਆਂ ਨੂੰ ਜ਼ਰਾ ਵੀ ਚੰਗੀ ਨਹੀਂ ਲੱਗੀ। 'ਪਰਮ ਮਾਣਯੋਗ ਨਾਰੀ ਸ਼ਕਤੀ' ਤੁਹਾਡੇ ਸਾਰੇ ਦੋਸ਼ ਮਨਜ਼ੂਰ ਹਨ, ਤੁਸੀਂ ਸਿਰਫ ਇਸ ਦੱਸ ਦਿਓ ਕਿ ਉਪਰੋਕਤ ਸਾਰੇ ਅੱਤਿਆਚਾਰਾਂ 'ਚ ਵਧੇਰੇ ਜਿਵੇਂ ਨੂੰਹ ਪ੍ਰਤੀ ਪਰਿਵਾਰਕ ਹਿੰਸਾ, ਦਹੇਜ ਤਸ਼ੱਦਦ ਜਾਂ ਨੂੰਹ ਨੂੰ ਜ਼ਿੰਦਾ ਸਾੜ ਦੇਣਾ। ਬਜ਼ੁਰਗ ਔਰਤਾਂ ਭਾਵ ਮਾਂ ਅਤੇ ਸੱਸ ਆਦਿ ਦੀ ਅਣਡਿੱਠਤਾ ਤਸ਼ੱਦਦ ਜਾਂ ਕਸ਼ਟ ਦੇਣਾ ਅਤੇ ਦਫਤਰਾਂ 'ਚ ਜਾਂ ਸਮਾਜ 'ਚ ਮਰਦ ਵਰਗ ਦੀ ਚਰਿੱਤਰਹੀਣਤਾ, ਦੁਰਾਚਾਰ ਆਦਿ ਸਾਰੀਆਂ ਘਟਨਾਵਾਂ 'ਚ ਇਕ ਸਹਿਯੋਗੀ ਦੇ ਰੂਪ 'ਚ ਹਰ ਜਗ੍ਹਾ ਕੀ ਕੋਈ ਇਕ ਹੋਰ ਨਾਰੀ ਵੀ ਹਾਜ਼ਰ ਨਹੀਂ ਹੈ?

ਪਰਿਵਾਰ 'ਚ ਨੂੰਹ ਦੇ ਉਪਰ ਹੋਣ ਵਾਲੇ ਅੱਤਿਆਚਾਰਾਂ 'ਚ ਸੱਸ ਦੇ ਰੂਪ 'ਚ, ਮਾਂ ਅਤੇ ਸੱਸ 'ਤੇ ਹੋਣ ਵਾਲੇ 'ਤਿਆਚਾਰਾਂ 'ਚ ਨੂੰਹ ਦੇ ਰੂਪ 'ਚ ਅਤੇ ਮਰਦਾਂ ਦੇ ਰਾਹ ਤੋਂ ਭਟਕਣ 'ਤੇ ਭਾਵ ਦੂਜੀ ਨਾਰੀ ਗਮਨ 'ਚ ਕਿਸੇ ਹੋਰ ਨਾਰੀ ਦੇ ਰੂਪ 'ਚ ਵੀ ਕੋਈ ਨਾ ਕੋਈ ਨਾਰੀ ਜ਼ਰੂਰ ਹੀ ਸਹਾਇਕ ਰਹੀ ਹੈ। ਹਰ ਸਾੜਨ ਵਾਲੀ ਨੂੰਹ ਨੂੰ ਸਾੜਨ 'ਚ, ਮਾਚਿਸ ਦੀ ਤੀਲੀ ਜਾਂ ਮਿੱਟੀ ਦੇ ਤੇਲ ਦਾ ਕੇਨ ਲੈ ਕੇ ਸੱਸ ਅਤੇ ਨਨਾਣ ਦੇ ਰੂਪ 'ਚ ਕੋਈ ਮਹਿਲਾ ਨੇ ਵੀ ਹੱਥ ਵੰਡਿਆ। ਫਿਰ ਤੁਸੀਂ ਮਰਦਾਂ ਨੂੰ ਹੀ ਦੋਸ਼ ਕਿਉਂ ਦੇ ਰਹੇ ਹੋ? ਤੁਹਾਡੇ ਉਪਰ ਹੋਣ ਵਾਲੇ ਅੱਤਿਆਚਾਰ ਕਾਫੀ ਘੱਟ ਹੋ ਜਾਣਗੇ, ਪਹਿਲਾਂ ਤੁਸੀਂ ਸਾਰੀਆਂ ਨਾਰੀਆਂ ਤਾਂ ਏਕਾ ਕਰ ਲਓ।


ਮਰਦ ਪ੍ਰਤੀਨਿਧੀ ਦੀ ਗੱਲ ਖਤਮ ਹੁੰਦੇ-ਹੁੰਦੇ ਪੂਰੀ ਸਭਾ 'ਚ ਸੰਨਾਟਾ ਛਾ ਗਿਆ ਸੀ। ਸਾਰੀਆਂ ਔਰਤਾਂ ਇਕ-ਦੂਜੇ ਵੱਲ ਦੇਖਦੀਆਂ ਹੋਈਆਂ ਆਪਣੀਆਂ ਗਰਦਨਾਂ ਝੁਕਾ ਰਹੀਆਂ ਸਨ।

—ਮਹੇਸ਼ ਸ਼ਰਮਾ
ਮੋ. 82369-4020

ਲਘੂ ਕਥਾ

Date
Page

# ਬਾਲ ਕਵਿਤਾ



## ਆ ਗਿਆ ਸਿਆਲ ?

ਆ ਗਿਆ ਸਿਆਲ ਬੱਚਿਓ! ਆ ਗਿਆ ਸਿਆਲ ।
ਸਿਹਤ ਆਪਣੀ ਦਾ ਤੁਸੀਂ ਰੱਖਣਾ ਖਿਆਲ ।

ਗਰਮੀ ਗਈ ਤੇ ਠੰਡ ਮੁੜ ਆਈ ।
ਕੱਢੋ ਲਓ ਹੁਣ, ਰਜਾਈ ਤੇ ਤਲਾਈ।
ਗਰਮ ਕੱਪੜੇ ਪਾ ਲਈਏ ਆਲ ।
ਆ ਗਿਆ ਸਿਆਲ ਬੱਚਿਓ! ਆ ਗਿਆ ਸਿਆਲ ।

ਗਰਮੀਆਂ ਦੇ ਕੱਪੜੇ ਦੇਵੋ ਉਤਾਰ ।
ਕੋਟੀਆਂ ਸਵੈਟਰ ਲਓ ਹੁਣ ਚਾੜ੍ਹ ।
ਬਜ਼ੁਰਗਾਂ ਦੀ ਸਿਹਤ ਦਾ ਵੀ ਰੱਖੀਏ ਖਿਆਲ ।
ਆ ਗਿਆ ਸਿਆਲ ਬੱਚਿਓ! ਆ ਗਿਆ ਸਿਆਲ ।

ਠੰਡੀਆਂ ਚੀਜ਼ਾਂ ਹੁਣ ਨਹੀਂ ਖਾਣੀਆਂ।
ਸਿਆਲ ਦੇ ਮੇਵੇ, ਚੀਜ਼ਾਂ ਮੂੰਹ ਪਾਣੀਆਂ ।
ਖਾਣ-ਪੀਣ ਤੋਂ ਨਹੀਂ ਖੜ੍ਹਾ ਕਰਨਾ ਬਵਾਲ ।
ਆ ਗਿਆ ਸਿਆਲ ਬੱਚਿਓ! ਆ ਗਿਆ ਸਿਆਲ ।

ਬੂਟਾਂ ਦੇ ਨਾਲ ਜੁਰਾਬਾਂ ਵੀ ਪਾ ਲਓ ।
ਵਰਦੀ ਦੇ ਨਾਲ ਟਾਈ ਤੁਸੀਂ ਲਾ ਲਓ ।
ਮਨ ਵਿਚ ਰੱਖੋ 'ਮਨਮੋਹਨ' ਚੰਗੇ ਖਿਆਲ।
ਆ ਗਿਆ ਸਿਆਲ ਬੱਚਿਓ ! ਆ ਗਿਆ ਸਿਆਲ।

ਬਾਲ ਕਵਿਤਾ

9/4/2026